
# ਮਹਿਕ ਪਿਆਰ ਦੀ

ਕਿਦਾਰ ਨਾਥ 'ਕਿਦਾਰ'



# ਕਿਦਾਰ ਨਾਥ ਕਿਦਾਰ

ਜਨਮ ਮਿਤੀ : 13 ਜਨਵਰੀ 1924
ਜਨਮ ਸਥਾਨ : ਬਸਤੀ ਗੁਲਾਮ ਹੁਸੈਨ (ਹੁਸ਼ਿਆਰਪੁਰ)
ਪਿਤਾ ਦਾ ਨਾਂ : ਸ੍ਰੀ ਗਰਧਾਰੀ ਲਾਲ
ਮਾਤਾ ਦਾ ਨਾਂ : ਸ੍ਰੀ ਮਤੀ ਸਰਸਵਤੀ
ਕਿੱਤਾ : ਵਿਓਪਾਰ-ਲਗਭਗ 25 ਸਾਲ ਕੁਵੈਤ ਵਿੱਚ ਰਹੇ।
ਪ੍ਰਕਾਸ਼ਿਤ ਕਾਵਿ-ਪੁਸਤਕਾਂ :

1. ਯਾਦਾਂ ਦੇ ਮਾਰੂਥਲ (ਗੁਰਮੁਖੀ ਅੱਖਰਾਂ ਵਿੱਚ)
2. ਯਾਦਾਂ ਦੇ ਮਾਰੂਥਲ (ਫਾਰਸੀ ਅੱਖਰਾਂ ਵਿੱਚ)
3. ਕਿਦਾਰਨਾਮਾ
4. ਸੁਮਣ ਯਾਦਾਂ

ਸਫ਼ਰ : ਕੁਵੈਤ, ਅਮਰੀਕਾ, ਇੰਗਲੈਂਡ।
ਵਿਸ਼ੇਸ਼ : ਰੇਡਿਓ, ਟੀ.ਵੀ. ਅਤੇ ਬੀ.ਬੀ.ਸੀ. ਲੰਦਨ ਦਾ ਕਲਾਕਾਰ
ਜੀਵਨ ਮੈਂਬਰ : ਪੰਜਾਬੀ ਅਦਬੀ ਸੰਗਤ, ਕੁਵੈਤ
ਵਾਇਸ ਚੇਅਰਮੈਨ : ਭਾਰਤੀਆ ਕਲਾ ਸੰਗਮ, ਕੁਵੈਤ
ਪ੍ਰਧਾਨ : ਅਦਬੀ ਸੰਗਤ, ਪੰਚਕੂਲਾ (ਹਰਿਆਣਾ)
ਚੇਅਰਮੈਨ : ਕਿਦਾਰ ਅਦਬੀ ਟਰਸਟ, ਪੰਚਕੂਲਾ
ਪਤਾ : 823/16, ਪੰਚਕੂਲਾ
ਫੋਨ : 0172-560055, 563355

**ਮਹਿਕ ਪਿਆਰ ਦੀ**

(ਕਵਿਤਾਵਾਂ)

**ਕਿਦਾਰ ਨਾਥ ਕਿਦਾਰ**

**ਇਸੇ ਕਲਮ ਤੋਂ :**

1. ਯਾਦਾਂ ਦੇ ਮਾਰੂਥਲ (ਕਵਿਤਾਵਾਂ)
2. ਯਾਦਾਂ ਦੇ ਮਾਰੂਥਲ (ਫ਼ਾਰਸੀ ਅੱਖਰਾਂ ਵਿਚ)
3. ਸੁਮਨ ਯਾਦਾਂ
4. ਕਿਦਾਰਨਾਮਾ

# ਮਹਿਕ ਪਿਆਰ ਦੀ

(ਕਾਵਿ-ਸੰਗ੍ਰਹਿ)

ਕਿਦਾਰ ਨਾਥ 'ਕਿਦਾਰ'

ਅਦਬੀ ਸੰਗਤ, ਪੰਚਕੂਲਾ

**Mehak Piyar Di** (Poems)
**by :**
**Kidar Nath 'Kidar'**

© Poet

**Edition :** 2003
**Price :** Rs. 150 (Dollar 10, Pound 5)

**Published by**
Adbi Sangat
# 823, Sector 16, Panchkula
Haryana
Phone : 0172-560055, 563355

---

**ਮਹਿਕ ਪਿਆਰ ਦੀ** (ਕਾਵਿ-ਸੰਗ੍ਰਹਿ)

| | | |
|---|---|---|
| **ਲੇਖਕ** | : | ਕਿਦਾਰ ਨਾਥ 'ਕਿਦਾਰ' |
| **ਪ੍ਰਕਾਸ਼ਕ** | : | ਅਦਬੀ ਸੰਗਤ, ਪੰਚਕੂਲਾ |
| **ਛਾਪਕ** | : | ਸੋਨੀ ਆਫਸੈੱਟ, ਸ਼ਾਹਦਰਾ, ਦਿੱਲੀ |
| **ਟਾਈਟਲ** | : | ਸ਼ਿਵ ਸਿੰਘ, ਆਰਟਿਸਟ (ਨੈਸ਼ਨਲ ਅਕਾਦਮੀ ਪੁਰਸਕਾਰ ਵਿਜੇਤਾ) |

# ਸਮਰਪਣ

ਆਪਣੇ ਪਰਿਵਾਰ ਵਿਚੋਂ ਜੋ ਮੈਥੋਂ ਸਦਾ ਲਈ ਵਿਛੜ ਗਏ ਹਨ
ਅਤੇ ਉਹਨਾਂ ਲਈ ਜੋ ਆਪਣੀ ਮਾਂ-ਬੋਲੀ ਨਾਲ ਪਿਆਰ ਕਰਦੇ ਹਨ
ਤੇ ਉਸਦੇ ਵਿਕਾਸ ਲਈ ਕੰਮ ਕਰਦੇ ਹਨ

ਦਿਲ ਦੇ ਵਿਹੜੇ ਅੰਦਰ ਜੋ ਫੁੱਲ ਯਾਦਾਂ ਦੇ ਲਾਏ।
ਉਹਨਾਂ ਦੇ ਵਿਚੋਂ ਹਰਦਮ ਚੰਨਾ ਮਹਿਕ ਪਿਆਰ ਦੀ ਆਏ।

## ਤਤਕਰਾ


| | |
|---|---|
| 1. ਪਿਆਰ ਦਾ ਸ਼ਾਇਰ ਕਿਦਾਰ/ਗੁਰਦਿਆਲ ਸਿੰਘ 'ਆਰਿਫ਼' | 09 |
| 2. ਕੁਝ ਆਪਣੇ ਵਲੋਂ | 12 |
| 3. ਗ਼ਜ਼ਲ/ਪਿਆਰ ਹੈ ਪਰਮਾਤਮਾ... | 13 |
| 4. ਗ਼ਜ਼ਲ/ਦੁੱਖਾਂ ਨੂੰ ਮਾਪਣ ਦਾ... | 14 |
| 5. ਗ਼ਜ਼ਲ/ਇਸ਼ਕ ਦਾ ਰੋਗ ਕੈਸਾ ਹੈ... | 15 |
| 6. ਗ਼ਜ਼ਲ/ਕਦ ਤਕ ਬੁਜ਼ਦਿਲੀ ਦੇ ਨਾਲ... | 16 |
| 7. ਗ਼ਜ਼ਲ/ਮੇਰੇ ਪੰਜਾਬ ਦਾ ਉੱਚਾ... | 17 |
| 8. ਗ਼ਜ਼ਲ/ਹਰ ਮੁਸ਼ਕਲ ਹਰ ਤੰਗੀ... | 18 |
| 9. ਗ਼ਜ਼ਲ/ਮੇਰਾ ਦੋਸਤ ਆਪਣੀ ਦੋਸਤੀ... | 19 |
| 10. ਗ਼ਜ਼ਲ/ਦੋ ਤਰ੍ਹਾਂ ਦੇ ਆਦਮੀ... | 20 |
| 11. ਗ਼ਜ਼ਲ/ਮੇਰਾ ਤਾਂ ਅਜੇ ਵੀ... | 21 |
| 12. ਸ਼ੇਰੇ ਪੰਜਾਬ ਜਵਾਨ ਮੇਰਾ... | 22 |
| 13. ਗ਼ਜ਼ਲ/ਇਕ ਪਲ ਦੋ ਪਲ ਦਾ... | 24 |
| 14. ਗ਼ਜ਼ਲ/ਪਿਆਰ ਮੁਹਬਤ ਇਸ ਦੁਨੀਆਂ ਤੇ... | 25 |
| 15. ਗ਼ਜ਼ਲ/ਮਿਲੀ ਖ਼ੁਸ਼ੀ ਸਾਨੂੰ ਜੇਕਰ... | 26 |
| 17. ਨਵਾਂ ਸਾਲ | 27 |
| 18. ਗ਼ਜ਼ਲ/ਇਹ ਖਿੱਚ ਤੇ ਯਾਰ ਦਬੱਲੀ ਸੀ... | 29 |
| 19. ਰੁਬਾਈ/ਪਿਆਰ ਤੇ ਇਸ ਦੁਨੀਆਂ ਤੇ... | 30 |
| 20. ਮੌਤ ਵਿਚ ਹੈ ਜ਼ਿੰਦਗੀ | 31 |
| 21. ਪਿਆਰ ਦਾ ਸਬਕ | 32 |
| 22. ਮਦਰ ਟਰੇਸਾ | 33 |
| 23. ਗ਼ਜ਼ਲ/ਆਪਣਾ ਤੇ ਰੰਗ ਬਸ... | 34 |
| 24. ਨਜ਼ਮ/ਇੱਕ ਦਿਨ ਦੀ ਰੋਟੀ ਇੱਕ ਦਿਨ... | 35 |
| 25. ਗ਼ਜ਼ਲ/ਜਿਹਦੀ ਅੱਖਾਂ 'ਚ ਹਰ ਵੇਲੇ... | 36 |
| 26. ਗ਼ਜ਼ਲ/ਧੋਖਾ ਕੁਝ ਐਸਾ ਏ ਯਾਰੋ... | 37 |
| 27. ਗ਼ਜ਼ਲ/ਤੇਰੇ ਜ਼ਹਿਰ ਨੂੰ ਵੀ ਹੱਸ ਕੇ... | 38 |
| 28. ਨਾ ਹਿੰਦੂ ਬੁਰਾ ਨਾ ਮੁਸਲਮਾਨ | 39 |
| 29. ਗ਼ਜ਼ਲ/ਲੋਈ ਪਿਆਰ ਦੀ ਮੇਰੇ ਲਈ... | 41 |

30. ਗ਼ਜ਼ਲ/ਪਹਿਲੇ ਬਿਠਾਇਆ ਅੱਖਾਂ ਤੇ... 42
31. ਰਬ ਦਾ ਘਰ 43
32. ਦੀਵਾਲੀ 45
33. ਜ਼ਿੰਦਗੀ ਕੀ ਹੈ 47
34. ਗ਼ਜ਼ਲ/ਵਕਤ ਨਾਲ ਜੇ ਬਦਲਿਆ... 48
35. ਗ਼ਜ਼ਲ/ਨਫ਼ਰਤ ਦਾ ਜ਼ਹਿਰ ਜੋ... 49
36. ਧੀ ਰਾਣੀ 50
37. ਗ਼ਜ਼ਲ/ਗਲਤੀਆਂ ਤੇ ਗਲਤੀਆਂ ਯਾਰੋ... 51
38. ਗ਼ਜ਼ਲ/ਅਸੀਂ ਤਾਂ ਉਹ ਫੁੱਲ ਹਾਂ... 52
39. ਰੁਬਾਈ/ਦਿਲ ਤੇ ਏ ਪਾਗ਼ਲ ਯਾਰੋ... 53
40. ਅਜੇ ਬੁਢਾਪਾ ਦੂਰ ਹੈ 54
41. ਸਿਆਣੀ ਉਮਰ 55
42. ਲੋਹੜੀ 57
43. ਗ਼ਜ਼ਲ/ਆਦਮੀ ਨੇ ਆਦਮੀ ਦੀ ਜਦ... 58
44. ਗ਼ਜ਼ਲ/ਉਂਝ ਤਾਂ ਗਊ ਮਾਤਾ ਦੇ... 59
45. ਗ਼ਜ਼ਲ/ਸਾਕੀ ਵੀ ਹੈ ਤੇ ਜਾਮ ਵੀ... 60
46. ਗ਼ਜ਼ਲ/ਦੁਖ ਸੁਖ ਸਾਂਝਾ ਕਰਨ ਦੀ... 61
47. ਇਕੋ ਮਜ਼ਹਬ ਬਣਾ ਲਈਏ 62
48. ਰੁਬਾਈ/ਯਾਦ ਨਹੀਂ ਰਹਿੰਦੀ ਉਸ ਦੀ... 64
49. ਰੁਬਾਈ/ਚੰਗਾ ਕੀਤਾ ਆਪਣੇ ਕੋਲੋਂ... 65
50. ਗਰੀਬੀ 66
51. ਝੁਗੀ ਝੌਂਪੜੀ ਦੇ ਬੱਚਿਆਂ ਨੂੰ 68
52. ਖਾ ਪੀ ਤੇ ਮੌਜ ਮਨਾ ਇਥੇ 69
53. ਗ਼ਜ਼ਲ/ਅਸੀਂ ਤੇ ਜ਼ਿੰਦਗੀ ਆਪਣੀ ਤੇਰੇ ਨਾਂ... 70
54. ਗ਼ਜ਼ਲ/ਜ਼ਿੰਦਗੀ ਹੈ ਚਾਰ ਦੀ... 71
55. ਨਜ਼ਮ/ਰੁਤ ਸਾਵਨ ਦੀ ਜਦ ਭੀ ਆਏ 72
56. ਨਜ਼ਮ/ਪਿਆਰ ਦਾ ਕੀ ਮਤਲਬ... 73
57. ਪੂਜਿਆ ਪਿਤਾ ਜੀ 74
58. ਛੋਟੇ ਵੀਰ ਰਾਮਨਾਥ ਦੇ ਨਾਂ 75
59. ਪੂਜਿਆ ਮਾਂ ਦੇ ਨਾਂ 76
60. ਗੀਤ/ਹਲਕਾ ਗੁਲਾਬੀ ਉਸ ਦੇ ਚਿਹਰੇ... 77
61. ਨਜ਼ਮ/ਇਨਸਾਨ ਦਾ ਦਿਲ ਕਦੀ ਪੱਥਰ... 78

62. ਗ਼ਜ਼ਲ/ਮੈਂ ਰਾਤ ਨੂੰ ਯਾਰੋ... 79
63. ਗ਼ਜ਼ਲ/ਮੈਂ ਲਿਖਣੇ ਨਹੀਂ ਹੁਣ... 80
64. ਰੁਬਾਈ/ਮੈਂ ਤੇ ਕਸਮ ਖਾ ਲਈ ਸੀ... 81
65. ਓਲਡ ਗੋਲਡ 82
66. ਗ਼ਜ਼ਲ/ਦਿਲ ਦਰਿਆ ਸਮੁੰਦਰੋਂ ਡੂੰਘੇ... 83
67. ਗ਼ਜ਼ਲ/ਲੜਾਈ ਝਗੜਿਆਂ ਵਿਚ... 84
68. ਨਜ਼ਮ/ਕਾਰਗਲ ਦੇ ਸ਼ਹੀਦਾਂ ਨੂੰ... 85
69. ਗ਼ਜ਼ਲ/ਛੁਹਕੇ ਕਦੀ ਤੈਨੂੰ ਡਿਠਾ ਨਹੀਂ... 87
70. ਆਦਮੀ ਬਣ ਗਿਆ ਸ਼ੈਤਾਨ ਹੈ 88
71. ਗੀਤ/ਉਹਦਾ ਦੇਖਕੇ ਝੱਟ... 89
72. ਪਿੰਡ ਦੀ ਪਹਿਚਾਣ 90
73. ਰੁਬਾਈ/ਹਾਂ ਮੈਂ ਪਿਆਰ ਹਾਂ ਕਰਦਾ 92
74. ਰੁਬਾਈ/ਦੋ ਦਿਨ ਤੈਨੂੰ ਨਹੀਂ ਮੈਂ 93
75. ਰੁਬਾਈ/ਅਤੰਕਵਾਦ ਦਾ ਦੇਸ਼ ਮੇਰੇ ਨੂੰ 94
76. ਗੀਤ/ਗਲ ਨਾਲ ਲੱਜ ਜਾ ਸੱਜਣਾ... 95
77. ਗ਼ਜ਼ਲ/ਜਦੋਂ ਦਾ ਮਹਿਫਲ 'ਚ... 96
78. ਨਜ਼ਮ/ਅਸੀਂ ਕੀਤਾ ਉਹਦੇ ਲਈ 97
79. ਰੁਬਾਈ/ਕਰਕੇ ਮਿਲਣ ਦਾ ਵਾਇਦਾ... 98
80. ਦਿਲ ਦੀ ਧੜਕਣ 99
81. ਨਜ਼ਮ/ਦੋਸਤ ਬਨਾਣਾ ਆਸਾਨ ਹੈ 100
82. ਬੁਢਾਪੇ ਵਿਚ ਜਵਾਨੀ ਹੈ 101
83. ਮੁਸਕਾਨ 102
84. ਨਜ਼ਮ/ਹੁਣ ਤੇਰਾ ਬੇਟਾ ਹੈ ਜਵਾਨ ਹੋ ਗਿਆ 103
85. ਗ਼ਜ਼ਲ/ਜੋ ਦੁਨੀਆ ਤੇ ਜੀਉਂਦਾ ਹੈ... 104
86. ਗ਼ਜ਼ਲ/ਆਪਣਾ ਹੀ ਦਿਲ ਜਦ ਬੇਵਫਾ ਹੈ... 105
87. ਗ਼ਜ਼ਲ/ਆ ਗਿਆ ਕੋਲ ਤੇ ਗ਼ਜ਼ਲ... 106
88. ਗ਼ਜ਼ਲ/ਸਾਹਾਂ ਦੀ ਮਾਲਾ ਦੇ... 107
89. ਇਹ ਗੋਸ਼ਤ ਹਲਾਲ ਹੈ 108
90. ਲਾਲਾ ਜਗਤ ਨਰਾਇਣ ਜੀ 109
91. ਜੇ ਪਤਾ ਕਲ ਮਰ ਜਾਣਾ ਹੈ 110
92. ਗ਼ਜ਼ਲ/ਪੀਲੇ ਪੱਤੇ ਰੁੱਖਾਂ ਨਾਲੋਂ... 111
93. ਆ ਸੱਜਣਾ ਦੋ ਗੱਲਾਂ ਕਰੀਏ 112

# ਪਿਆਰ ਦਾ ਸ਼ਾਇਰ 'ਕਿਦਾਰ'

'ਕਿਦਾਰ' ਮੇਰਾ ਦੋਸਤ ਵੀ ਹੈ ਤੇ ਦੀਰਘ-ਅਭਿਲਾਸ਼ੀ ਸ਼ਾਇਰ ਵੀ। ਉਹ ਇਸ ਤੋਂ ਪਹਿਲਾਂ ਵੀ ਚਾਰ ਪੰਜਾਬੀ ਕਾਵਿ-ਸੰਗ੍ਰਹਿ ਛਪਵਾ ਚੁਕਿਆ ਹੈ ਅਤੇ ਉਸਦੇ ਨਵੇਂ ਸੰਗ੍ਰਹਿ **'ਮਹਿਕ ਪਿਆਰ ਦੀ'** ਦਾ ਖਰੜਾ ਮੇਰੇ ਸਾਮ੍ਹਣੇ ਹੈ ਜਿਸ ਵਿਚ ਗ਼ਜ਼ਲਾਂ ਵੀ ਹਨ, ਨਜ਼ਮਾਂ ਵੀ ਹਨ ਤੇ ਚੋਬਰਗੇ ਵੀ। ਮੈਂ ਕਿਦਾਰ ਦੀਆਂ ਕਾਫ਼ੀ ਸਾਰੀਆਂ ਰਚਨਾਵਾਂ ਪੜ੍ਹੀਆਂ ਹਨ ਅਤੇ ਮੈਨੂੰ ਖ਼ੁਸ਼ੀ ਹੈ ਕਿ ਉਸਦੀ ਕਲਮ ਵਖ ਵਖ ਕਾਵਿ ਵਿਧਾਵਾਂ ਤੇ ਇੱਕੋ ਜਿਹੀ ਰਵਾਨੀ ਤੇ ਸੌਖ ਨਾਲ ਚਲਦੀ ਹੈ। ਸ਼ਬਦ ਕਿਦਾਰ ਦਾ ਅਰਥ ਖੇਤੀ ਹੈ ਅਤੇ ਮੈਂ ਕਹਿ ਸਕਦਾ ਹਾਂ ਕਿ 'ਕਿਦਾਰ' ਦੀ ਸ਼ਾਇਰੀ ਵੀ ਇਕ ਕਾਫ਼ੀ ਜ਼ਰਖੇਜ਼ ਖੇਤੀ ਹੈ। ਮੈਂ 'ਕਿਦਾਰ' ਦਾ ਹੁਕਮ ਮੰਨ ਕੇ ਉਸਦੇ ਨਵੇਂ ਸੰਗ੍ਰਹਿ ਵਾਸਤੇ ਕੁਝ ਸਤਰਾਂ ਲਿਖ ਰਿਹਾ ਹਾਂ।

ਕਿਦਾਰ ਦੀ ਸ਼ਾਇਰੀ ਕਦਰਾਂ ਕੀਮਤਾਂ ਦੀ ਸ਼ਾਇਰੀ ਹੈ। ਉਹ ਗ਼ਜ਼ਲਾਂ ਵਿਚ ਵੀ ਤੇ ਨਜ਼ਮਾਂ ਵਿਚ ਵੀ ਜ਼ਿੰਦਗੀ ਦੀਆਂ ਨਿਰੋਈਆਂ ਕੀਮਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਦਾ ਹੈ। ਉਸਦੀ ਰਚਨਾ ਵਿਚ ਰੂਪ ਦੇ ਟਾਕਰੇ ਵਿਚ ਸੰਦੇਸ਼ ਦਾ ਮਹੱਤਵ ਵਧੇਰਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਆਧੁਨਿਕ ਲੇਖਕਾਂ ਵਾਂਗ ਜਿਹੜੇ ਲੈਅਹੀਨ ਤੇ ਰੂਪਹੀਨ ਰਚਨਾ ਕਰਕੇ ਵੀ ਆਪਣੇ ਆਪ ਨੂੰ ਕਵੀ ਕਹਿੰਦੇ ਹਨ, 'ਕਿਦਾਰ' ਵੀ ਸਿਰਜਨਾ ਦੇ ਰੂਪਕ ਜਾਂ ਤਕਨੀਕੀ ਪੱਖ ਵਲੋਂ ਅਵੇਸਲਾ ਜਾਂ ਅਸਾਵਧਾਨ ਹੈ। ਉਸਦੀ ਰਚਨਾ ਵਿਚ ਰੂਪਾਕਾਰ ਦੀ ਥਾਂ ਵੀ ਹੈ ਤੇ ਕਾਵਿਕ ਤਕਨੀਕ ਦੀ ਵੀ। ਪਰ ਵਿਸ਼ਾ ਵਸਤੂ ਉਸਦੀ ਪ੍ਰਾਥਮਿਕਤਾ ਹੈ। ਅਸਲ ਵਿਚ ਉਹ ਜੀਵਨ ਦੇ ਸਵਸਥ ਆਦਰਸ਼ਾਂ ਤੇ ਸਿਧਾਂਤਾਂ ਪ੍ਰਤੀ ਵਚਨਬੱਧ ਹੈ ਅਤੇ ਜਦੋਂ ਉਹ ਸ਼ੇਅਰ ਲਿਖਦਾ ਹੈ ਤਾਂ ਉਸਦੇ ਵਡਮੁੱਲੇ ਵਿਚਾਰ ਸੁੱਤੇ ਸਿੱਧ ਹੀ ਕਵਿਤਾ ਵਿਚ ਢਲਦੇ ਚਲੇ ਜਾਂਦੇ ਨੇ।

ਜਿਹੜੀਆਂ ਕਦਰਾਂ ਕੀਮਤਾਂ 'ਕਿਦਾਰ' ਨੂੰ ਪਿਆਰੀਆਂ ਨੇ ਉਹਨਾਂ ਵਿਚੋਂ ਸਭ ਤੋਂ ਉੱਚੀ ਥਾਂ ਧਰਮ ਨਿਰਪੇਖਤਾ ਦੀ ਹੈ। ਧਰਮ ਮਨੁੱਖ ਵਾਸਤੇ ਇਕ ਵਡਮੁੱਲੀ ਦਾਤ ਹੈ। ਪਰ ਇਹ ਕਈ ਸੂਰਤਾਂ ਵਿਚ ਮਨੁੱਖ ਵਾਸਤੇ ਸਰਾਪ ਬਣ ਗਿਆ ਹੈ। ਉਹਨਾਂ ਸੂਰਤਾਂ ਵਿਚ ਦੋ ਮਹੱਤਵਪੂਰਨ ਰੁਚੀਆਂ ਫ਼ਿਰਕਾਪ੍ਰਸਤੀ ਅਤੇ ਧਾਰਮਿਕ ਕਰਮਕਾਂਡ ਹਨ। 'ਕਿਦਾਰ' ਨੇ ਇਹਨਾਂ ਦੋਹਾਂ ਰੁਚੀਆਂ ਦੀ ਭਰਪੂਰ ਨਿਖੇਧੀ ਕੀਤੀ ਹੈ। ਉਸ ਨੇ ਆਪਣੀ ਨਜ਼ਮ 'ਇਕ ਮਾਨਵਤਾ' ਵਿਚ ਆਪਣਾ ਧਰਤ ਦਾ ਤੇ ਰੱਬ ਦਾ ਸੰਕਲਪ ਸਪਸ਼ਟ ਤੌਰ ਤੇ ਪੇਸ਼ ਕੀਤਾ ਹੈ। ਉਹ ਲਿਖਦਾ ਹੈ :

*ਕੋਈ ਹਿੰਦੂ ਹੈ ਜਾਂ ਮੁਸਲਿਮ, ਹਰ ਇਕ ਇਨਸਾਨ ਹੈ ਯਾਰੋ,*
*ਤੇ ਹਰ ਇਨਸਾਨ ਇੱਕੋ ਰੱਬ ਦੀ ਸੰਤਾਨ ਹੈ ਯਾਰੋ।*
*ਹੈ ਇੱਕੋ ਇਸ਼ਟ ਹੀ ਸਾਡਾ ਇਹ ਸਭ ਈਮਾਨ ਕਹਿੰਦੇ ਨੇ,*
*ਤੇ ਓਸੇ ਨੂੰ ਹੀ ਅੱਲ੍ਹਾ, ਵਾਹਿਗੁਰੂ ਭਗਵਾਨ ਕਹਿੰਦੇ ਨੇ।*

\- - - - - - -

*ਤੁਸੀਂ ਪਰ ਦੂਜਿਆਂ ਮਜ਼ਹਬਾਂ ਦਾ ਭੀ ਸਤਿਕਾਰ ਕਰਨਾ ਹੈ,*
*ਨਹੀਂ ਉਹਨਾਂ ਲਈ ਨਫ਼ਰਤ ਦਾ ਕਿਧਰੇ ਜ਼ਹਿਰ ਭਰਨਾ ਹੈ।*

ਇਸੇ ਤਰ੍ਹਾਂ ਕਵਿਤਾ 'ਰਬ ਦਾ ਘਰ' ਵਿਚ ਉਹ ਲਿਖਦਾ ਹੈ :

*ਚਰਚ ਬੇਸ਼ਕ ਮਸਜਿਦ ਬਣ ਜਾਏ, ਜਾਂ ਬਣ ਜਾਏ ਗੁਰਦੁਆਰਾ*
*ਕੋਈ ਫਰਕ ਨਾ ਪੈਂਦਾ ਯਾਰੋ, ਬਣ ਜਾਏ ਠਾਕਰਦੁਆਰਾ।*

ਅਤੇ

*ਹਿੰਦੂ ਹੈ ਜਾਂ ਸਿੱਖ ਇਸਾਈ, ਮੁਸਲਮਾਨ ਹੈ ਕੋਈ*
*ਬੱਚੇ ਉੱਤੇ ਕਿਸੇ ਮਜ਼ਹਬ ਦਾ, ਮਿਲੇ ਨਿਸ਼ਾਨ ਨਾ ਕੋਈ।*

ਫ਼ਿਰਕਾ-ਪ੍ਰਸਤੀ ਤੇ ਧਾਰਮਿਕ ਤੰਗ ਦਿਲੀ ਨੇ ਸੰਸਾਰ ਦਾ ਅਤੇ ਇਸ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ। ਆਦਮੀ ਦਾ ਖ਼ੂਨ ਡੋਲ੍ਹਣ ਨੂੰ ਕੋਈ ਧਰਮ ਜਾਇਜ਼ ਨਹੀਂ ਸਮਝਦਾ। ਪਰ ਧਾਰਮਿਕ ਅੰਧਵਿਸ਼ਵਾਸੀ ਧਰਮ ਦੇ ਅਸਲੀ ਅਰਥ ਨਹੀਂ ਸਮਝਦੇ। 'ਕਿਦਾਰ' ਵਾਸਤੇ ਪਿਆਰ ਬੜਾ ਉੱਚਾ ਤੇ ਸੁੱਚਾ ਜਜ਼ਬਾ ਏ। ਉਹ ਐਸੇ ਪਿਆਰ ਦਾ ਮੁੱਦਈ ਹੈ ਜਿਹੜਾ ਮੁਲਕਾਂ ਤੇ ਕੌਮਾਂ ਦੇ ਹੱਦਾਂ-ਬੰਨ੍ਹਿਆਂ ਤੋਂ ਉਤੇ ਹੈ ਅਤੇ ਹਰ ਥਾਂ ਤੇ ਹਰ ਵਿਅਕਤੀ ਨੂੰ ਗਲ ਨਾਲ ਲਾਉਂਦਾ ਹੈ। ਉਸਦੇ ਕੁਝ ਸ਼ੇਅਰ ਇਸ ਪ੍ਰਕਾਰ ਨੇ :

*ਪਿਆਰ ਹੈ ਪਰਮਾਤਮਾ, ਪਰਮਾਤਮਾ ਹੀ ਪਿਆਰ ਹੈ*
*ਕੁਝ ਨਹੀਂ ਦੁਨੀਆਂ ਤੇ ਬਾਕੀ, ਝੂਠਮੂਠ ਸੰਸਾਰ ਹੈ।*

\- - - - - - -

*ਕਿਸੇ ਨੂੰ ਪਿਆਰ ਕਰਕੇ ਉਸ ਨੂੰ ਜਤਲਾਇਆ ਨਹੀਂ ਜਾਂਦਾ*
*'ਕਿਦਾਰ' ਉਸਦੀ ਖੁਸ਼ੀ ਦੇ ਵਾਸਤੇ ਚੁਪ ਚਾਪ ਮਰਦਾ ਸੀ।*

\- - - - - - -

*ਮੇਰਾ ਤਾਂ ਅਜੇ ਵੀ ਓਸ ਬੰਦੇ ਨਾਲ ਪਿਆਰ ਹੈ*
*ਭਾਵੇਂ ਰਹਿਣ ਵਾਲਾ ਉਹ ਸਰਹੱਦਾਂ ਤੋਂ ਪਾਰ ਹੈ।*

\- - - - - -

*ਪਿਆਰ ਤੇ ਇਸ ਦੁਨੀਆ ਦੇ ਉੱਤੇ, ਹਰ ਕੋਈ ਕਰਦਾ ਆਇਆ*
*ਹੁਸਨ ਇਸ਼ਕ ਦਾ ਇਕ ਦੂਜੇ ਸੰਗ, ਇਸਨੇ ਮੇਲ ਕਰਾਇਆ।*

'ਕਿਦਾਰ' ਦੀ ਇਕ ਕਵਿਤਾ ਦਾ ਸਿਰਲੇਖ ਹੈ 'ਜ਼ਿੰਦਗੀ ਕੀ ਹੈ।' ਇਸ ਵਿਚ ਉਸਨੇ ਆਪਣਾ ਜੀਵਨ ਦਾ ਸੰਕਲਪ ਪੇਸ਼ ਕੀਤਾ ਹੈ। ਉਹ ਲਿਖਦਾ ਹੈ :

*ਜੀਵਨ ਕੀ ਹੈ ਇੱਕ ਚਿੰਗਾੜੀ ਹੈ ਅੱਗ ਦੀ*

*ਚਮਕ ਕੇ ਇਕ ਦਮ ਭੁੱਬਲ ਜਿਹੀ ਹੈ ਲੱਗਦੀ।*
*ਜ਼ਿੰਦਗੀ ਕੀ ਹੈ ਬਸ ਇਕ ਰੇਲ ਹੈ*
*ਵਿੱਛੜ ਜਾਂਦੇ ਸਭ, ਬਸ ਦੋ ਘੜੀ ਦਾ ਮੇਲ ਹੈ।*

\- - - - - -

*ਜ਼ਿੰਦਗੀ ਕੀ ਹੈ ਇਕ ਬੁਲਬਲੇ ਸਮਾਨ ਹੈ*
*ਪਾਣੀ ਵਿੱਚੋਂ ਨਿਕਲ ਕੇ ਪਾਣੀ 'ਚ ਮਿਲਿਆ ਆਣ ਹੈ।*

ਇਸ ਤਰ੍ਹਾਂ 'ਕਿਦਾਰ' ਦੇ ਸ਼ੇਅਰ ਜ਼ਿੰਦਗੀ ਦੇ ਤੱਥਾਂ ਤੇ ਆਦਰਸ਼ਾਂ ਨੂੰ ਰੂਪਮਾਨ ਕਰਦੇ ਨੇ ਅਤੇ ਆਧੁਨਿਕ ਪ੍ਰਸੰਗ ਵਿਚ ਮਨੁੱਖ ਜਾਤੀ ਵਾਸਤੇ ਸਿੱਖਿਆ ਦਾ ਸ੍ਰੋਤ ਹੋ ਸਕਦੇ ਨੇ। ਇਹਨਾਂ ਸ਼ਬਦਾਂ ਨਾਲ ਮੈਂ 'ਕਿਦਾਰ' ਦੇ ਨਵੇਂ ਕਾਵਿ-ਸੰਗ੍ਰਹਿ ਦਾ ਸਵਾਗਤ ਕਰਦਾ ਹਾਂ।

*ਗੁਰਦਿਆਲ ਸਿੰਘ ਆਰਿਫ਼*

3091, ਸੈਕਟਰ 21-ਡੀ
ਚੰਡੀਗੜ੍ਹ

# ਕੁਝ ਆਪਣੇ ਵੱਲੋਂ

ਦੋਸਤੋ, ਜੋ ਕੁਝ ਮੈਂ ਮਹਿਸੂਸ ਕਰਦਾ ਹਾਂ, ਚੰਗਾ ਜਾਂ ਮਾੜਾ, ਤੁਹਾਡੇ ਸਾਹਮਣੇ ਪੇਸ਼ ਕਰ ਦਿੱਤਾ ਹੈ। ਮੈਂ ਔਖੇ ਲਫ਼ਜ਼ਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਕਵਿਤਾ ਉਹ ਲਿਖੀ ਜਾਵੇ ਜੋ ਹਰ ਪੜ੍ਹੇ-ਲਿਖੇ ਤੇ ਮਜਦੂਰ ਨੂੰ ਵੀ ਸਮਝ ਆ ਜਾਵੇ। ਮੇਰੀ ਪੰਜਾਬੀ ਵਿਚ ਹਿੰਦੀ, ਉਰਦੂ ਦੇ ਲਫ਼ਜ਼ ਵੀ ਤੁਹਾਨੂੰ ਮਿਲਣਗੇ। ਹਰ ਬੋਲੀ ਇੱਜ਼ਤ ਦੇ ਕਾਬਿਲ ਹੁੰਦੀ ਹੈ। ਪਰ ਮੈਨੂੰ ਇਸ ਗੱਲ ਦਾ ਬੜਾ ਹੀ ਡਰ ਲਗਿਆ ਰਹਿੰਦਾ ਹੈ ਕਿ ਹੁਣ ਪੰਜਾਬੀ ਵਿਚ ਪੱਛਮੀ ਰੰਗ ਪੂਰੀ ਤਰ੍ਹਾਂ ਆ ਗਿਆ ਹੈ। ਇਸ ਵਿੱਚ ਪੱਪ ਸਾਂਗ ਤੇ ਨੰਗਾਪਨ ਆਮ ਦੇਖਣ ਨੂੰ ਮਿਲਦਾ ਹੈ। ਹੁਣ ਉਹ ਪੰਜਾਬੀ ਨਹੀਂ ਰਹੀ ਜਿਸ ਵਿਚ ਮਾਈਆ, ਟੱਪੇ, ਬੋਲੀਆਂ ਤੇ ਹੀਰ ਗਾਈ ਜਾਂਦੀ ਸੀ, ਜੋ ਸ਼ਿੰਗਾਰ ਰਸ, ਵੀਰ ਰਸ ਤੇ ਸ਼ਾਂਤੀ ਰਸ ਦੇ ਰੰਗ ਵਿਚ ਰੰਗੀ ਹੋਈ ਸੀ। ਸਾਡੀ ਨਵੀਂ ਉਠਦੀ ਪਨੀਰੀ ਇਹੀ ਸਮਝੇਗੀ ਕਿ ਸ਼ਾਇਦ ਇਹੀ ਪੰਜਾਬੀ ਹੈ ਜੋ ਟੀ. ਵੀ. ਸਟੇਸ਼ਨ ਤੇ ਅੱਜ ਕਲ ਨੰਗੇਪਨ ਦੇ ਪ੍ਰੋਗਰਾਮ ਦੇ ਰਹੇ ਨੇ। ਉਹ ਨਾ ਹੋਵੇ ਕਿ ਸਾਡੀ ਮਾਂ-ਬੋਲੀ ਜਿਸ ਵਿਚ ਵੱਡੇ ਵੱਡੇ ਗ੍ਰੰਥ, ਗੁਰੂਆਂ ਦੀ ਬਾਣੀ, ਸੰਤਾਂ-ਫ਼ਕੀਰਾਂ ਦੀ ਬਾਣੀ ਲਿਖੀ ਹੋਈ ਹੈ ਉਹ ਇਸ ਪੱਛਮੀ ਰੰਗ ਵਿਚ ਦੱਬ ਕੇ ਰਹਿ ਜਾਵੇ। ਸਾਨੂੰ ਚਾਹੀਦਾ ਹੈ ਕਿ ਇਹਨਾਂ ਦਾ ਟਾਕਰਾ ਕਰਨ ਲਈ ਅਸੀਂ ਪੰਜਾਬੀਂ ਵਿਚ ਜ਼ਿਆਦਾ ਤੋਂ ਜ਼ਿਆਦਾ ਕਲਚਰਲ ਪ੍ਰੋਗਰਾਮ ਕਰਵਾਈਏ ਜਿਸ ਵਿਚ ਕਵੀ ਦਰਬਾਰ, ਗ਼ਜ਼ਲਾਂ, ਗੀਤਾਂ, ਗਿੱਧਾ, ਭੰਗੜਾ ਆਦਿ ਦੇ ਪ੍ਰੋਗਰਾਮ ਰੱਖੇ ਜਾਣ। ਜੇ ਅਸੀਂ ਇਸ ਵੱਲ ਧਿਆਨ ਨਾ ਦਿੱਤਾ ਤਾਂ ਸਾਡੀ ਆਣ ਵਾਲੀ ਪੀੜ੍ਹੀ ਸਾਨੂੰ ਕਦੀ ਮਾਫ਼ ਨਹੀਂ ਕਰੇਗੀ।

- ਕਿਦਾਰਨਾਥ 'ਕਿਦਾਰ'

## ਗ਼ਜ਼ਲ

ਪਿਆਰ ਹੈ ਪਰਮਾਤਮਾ ਪਰਮਾਤਮਾ ਹੀ ਪਿਆਰ ਹੈ।
ਕੁਝ ਨਹੀਂ ਦੁਨੀਆਂ ਤੇ ਬਾਕੀ ਝੂਠਾ ਸਭ ਸੰਸਾਰ ਹੈ।

ਮੈਂ ਤੇ ਮੰਦਰ ਮਸਜਦਾਂ ਵਿਚ ਜਾ ਕੇ ਨਹੀਂ ਢੂੰਡਿਆ
ਸ਼ਾਹ ਰਗ ਤੋਂ ਭੀ ਬੈਠਾ ਨੇੜੇ ਮੇਰਾ ਯਾਰ ਹੈ।

ਤੇਰੀ ਸੰਗਤ ਵਿਚ ਆ ਕੇ ਮੈਂ ਤੇ ਏਦਾਂ ਬਣ ਗਿਆ
ਜਿਸ ਤਰ੍ਹਾਂ ਲੱਕੜ ਨੇ ਅੱਜ ਲੋਹੇ ਨੂੰ ਦਿੱਤਾ ਤਾਰ ਹੈ।

ਜਿਸ ਨੇ ਤੇਰੇ ਨੂਰ ਦੀ ਬਸ ਇਕ ਝਲਕ ਸੀ ਦੇਖ ਲਈ
ਦੁਨੀਆਂ ਦੀ ਹਰ ਚੀਜ਼ ਉਹਦੇ ਸਾਹਮਣੇ ਬੇਕਾਰ ਹੈ।

ਰਿਸ਼ਤੇ ਨਾਤੇ ਜੀਉਂਦਿਆਂ ਦੇ ਬਸ ਹਨ ਇਸ ਜਗ ਤੇ
ਮਰ ਗਿਆ ਨੂੰ ਹਰ ਕੋਈ ਦਿੰਦਾ ਦਿਲੋਂ ਵਸਾਰ ਹੈ।

ਤੇਰੇ ਆਪਣੇ ਖ਼ੂਨ ਨੇ ਭੀ ਸਾਥ ਨਹੀਂ ਦੇਣਾ ਤੇਰਾ
ਇਕ ਦਿਨ ਤਨਹਾ ਰਹਿ ਜਾਏਂਗਾ ਬੇਸ਼ਕ ਬੜਾ ਪਰਿਵਾਰ ਹੈ।

ਵਕਤ ਜਦ ਆਉਂਦਾ ਬੁਰਾ ਉਹ ਵਕਤ ਨਹੀਂ ਹੈ ਦੇਖਦਾ
ਕੋਈ ਨਹੀਂ ਦਿੰਦਾ ਸਾਥ ਫਿਰ ਕਿਸਮਤ ਭੀ ਜਾਂਦੀ ਹਾਰ ਹੈ।

ਕਪਟ ਹੈ ਫਰੇਬ ਹੈ ਧੋਖਾ ਹੈ ਹਰ ਇਕ ਥਾਂ ਤੇ
ਮਨ ਦੀ ਸੱਚੀ ਸ਼ਾਂਤੀ ਲਈ ਬਸ ਤੇਰਾ ਦਰਬਾਰ ਹੈ।

ਬਖਸ਼ ਦੇ ਮੇਰੇ ਗੁਨਾਹਾਂ ਨੂੰ ਦਾਤਾ ਬਖਸ਼ ਦੇ
ਤੇਰੇ ਦਰ ਤੇ ਚਲ ਕੇ ਅਜ ਆ ਗਿਆ 'ਕਿਦਾਰ' ਹੈ।

## ਗ਼ਜ਼ਲ

ਦੁਖਾਂ ਨੂੰ ਮਾਪਣ ਦਾ ਪੈਮਾਨਾ ਨਾ ਬਣਿਆ
ਜੋ ਨਾਪ ਕੇ ਦੁਖ ਆਪਣੇ ਲੋਕਾਂ ਨੂੰ ਦਸ ਦਿੰਦੇ।

ਕਦੀ ਆਣ ਕੇ ਜੇ ਸਾਡਾ ਕਿਸੇ ਹਾਲ ਹੈ ਪੁੱਛ ਲੀਤਾ
ਅਸੀਂ ਕਰਕੇ ਦੋ ਗੱਲਾਂ ਅਗੋਂ ਸੀ ਹਸ ਪੈਂਦੇ।

ਇਸ ਦਿਲ ਦੇ ਜ਼ਖ਼ਮਾਂ ਦਾ ਜੇ ਕੋਈ ਇਲਾਜ ਹੁੰਦਾ
ਯਾਰੋ ਕਿਸੀ ਬੂਟੀ ਦਾ ਅਸੀਂ ਘੋਲ ਕੇ ਰਸ ਦਿੰਦੇ।

ਜੇ ਯਾਦ ਕਰਨ ਦੇ ਨਾਲ ਦੁੱਖ ਹਲਕਾ ਹੋ ਜਾਂਦਾ
ਅਸੀਂ ਆਪ ਨੂੰ ਯਾਦਾਂ ਦੇ ਸੰਗਲਾਂ ਨਾਲ ਕਸ ਦਿੰਦੇ।

ਜੇ ਪਤਾ ਹੁੰਦਾ ਯਾਰੋ ਦੁੱਖ ਵੰਡਿਆ ਨਹੀਂ ਜਾਂਦਾ
ਲੋਕਾਂ ਨੂੰ ਦਸਣਾ ਫਿਰ ਓਥੇ ਕਰ ਬਸ ਦਿੰਦੇ।

ਦੋ ਬੋਲ ਪਿਆਰ ਦੇ ਕੋਈ ਝੋਲੀ ਪਾ ਦਿੰਦਾ
'ਕਿਦਾਰ' ਅਸੀਂ ਉਸਨੂੰ ਉਮਰਾਂ ਦਾ ਜਸ਼ ਦਿੰਦੇ।

## ਗ਼ਜ਼ਲ

ਇਸ਼ਕ ਦਾ ਰੋਗ ਕੈਸਾ ਹੈ ਬੀਮਾਰੀ ਕੈਸੀ ਦਿਲ ਦੀ ਹੈ।
ਕਿ ਜਿਥੋਂ ਦਰਦ ਮਿਲਦਾ ਹੈ ਦੁਵਾ ਉਥੋਂ ਹੀ ਮਿਲਦੀ ਹੈ।

ਜੁਦਾਈ ਦੇ ਜ਼ਖ਼ਮ ਦਿਲ ਤੇ ਲਾ ਕੇ ਤੁਰ ਗਿਆ ਜਿਹੜਾ,
ਉਹਦੀ ਹੀ ਯਾਦ ਆ ਕੇ ਹੁਣ ਉਨ੍ਹਾਂ ਜ਼ਖਮਾਂ ਨੂੰ ਛਿਲਦੀ ਹੈ।

ਮੁਹਬਤ ਨਾ ਉਮੀਦੀ ਵਿਚ ਕਦੀ ਹੰਝੂ ਬਹਾਉਂਦੀ ਹੈ,
ਕਦੀ ਦਾਮਨ ਉਮੀਦਾਂ ਦਾ ਸਵਰ ਕੇ ਨਾਲ ਸਿਲਦੀ ਹੈ।

ਇਸ਼ਕ ਦੀ ਸਾਂਝ ਕੈਸੀ ਹੈ ਏ ਰਿਸ਼ਤਾ ਕੈਸਾ ਦਿਲ ਦਾ ਹੈ,
ਇਧਰ ਦਿਲ ਧੜਕਦਾ ਹੈ ਤੇ ਉਧਰ ਤਾਰ ਹਿੱਲਦੀ ਹੈ।

ਮੁਹਬਤ ਮੌਤ ਦੀ 'ਕਿਦਾਰ' ਕਦ ਪਰਵਾਹ ਕਰਦੀ ਹੈ,
ਇਹ ਕੱਚੇ ਘੜੇ ਉਤੇ ਭੀ ਝਨਾਂ ਦੇ ਵਿਚ ਠਿਲਦੀ ਹੈ।

## ਗ਼ਜ਼ਲ

ਕਦ ਤਕ ਬੁਜ਼ਦਿਲੀ ਦੇ ਨਾਲ ਲਾਈ ਲਾਂਝ ਰਖਣੀ ਹੈ।
ਕਦ ਤਕ ਜ਼ਿੰਦਗੀ ਦੇ ਵਿਚ ਪਾਈ ਭਾਂਝ ਰਖਣੀ ਹੈ।

ਮੇਰੇ ਖ਼ੂਨ ਨਾਲ ਨਫ਼ਰਤ ਦੀ ਜੇਕਰ ਅੱਗ ਬੁਝ ਜਾਏ,
ਤੇ ਲੈ ਲਓ ਜਾਨ ਮੇਰੀ ਏ ਮੈਂ ਕਦ ਤਕ ਸਾਂਭ ਰਖਣੀ ਹੈ।

ਇਹ ਮੇਲਾ ਦੋ ਘੜੀਆਂ ਦਾ ਇਥੇ ਕਿਸ ਬੈਠ ਰਹਿਣਾ ਹੈ,
ਕਦ ਤਕ ਕਿਸੇ ਨੇ ਇਥੇ ਕਿਸੇ ਨਾਲ ਸਾਂਝ ਰਖਣੀ ਹੈ।

ਕਿਉਂ ਨਹੀਂ ਮਿਲ ਕੇ ਆਪਸ ਵਿਚ ਮੁਹੱਬਤ ਨੂੰ ਕਰੋ ਪੈਦਾ,
ਕਦ ਤਕ ਪਿਆਰ ਦੀ ਇਹ ਕੋਖ ਦਸੋ ਬਾਂਝ ਰਖਣੀ ਹੈ।

ਕਿਉਂ ਨਹੀਂ ਬੇਧੜਕ ਹੋ ਕੇ ਦਿਲ ਦੀ ਗੱਲ ਕਹਿੰਦੇ ਹੋ,
ਕਦ ਤਕ ਉਭਰਦੀ ਦਿਲ 'ਚ ਦਬਾਕੇ ਹਾਂਝ ਰਖਣੀ ਹੈ।

ਭਿਖਿਆ ਪਿਆਰ ਦੀ 'ਕਿਦਾਰ' ਨੂੰ ਹੁਣ ਪਾ ਦਿਉ ਯਾਰੋ,
ਕਦ ਤਕ ਦਿਲ ਦੀ ਬਾਟੀ ਇਹ ਮੈਂ ਖਾਲੀ ਮਾਂਜ ਰਖਣੀ ਹੈ।

## ਗ਼ਜ਼ਲ

ਮੇਰੇ ਪੰਜਾਬ ਦਾ ਉੱਚਾ ਤੇ ਸੁੱਚਾ ਚਰਿੱਤਰ ਹੈ।
ਇਹ ਗੁਰੂਆਂ ਦੀ ਧਰਤੀ ਹੈ ਇਹਦੀ ਧਰਤੀ ਪਵਿੱਤਰ ਹੈ।

ਏਥੇ ਜਨਮ ਲੀਤਾ ਸੀ ਸਾਡੇ ਬਾਬੇ ਨਾਨਕ ਨੇ,
ਜੋ ਸਭ ਨੂੰ ਪਿਆਰੇ ਹਨ ਜਿਨ੍ਹਾਂ ਦੀ ਦੁਨੀਆਂ ਮਿੱਤਰ ਹੈ।

ਇਹ ਸਭ ਦਾ ਅੰਨ ਦਾਤਾ ਹੈ ਲੋਕਾਂ ਦੇ ਢਿਡ ਭਰਦਾ ਹੈ,
ਬੜਾ ਪੰਜਾਬ ਦਾ ਉਪਜਾਊ ਤੇ ਜ਼ਰਖੇਜ਼ ਖੇਤਰ ਹੈ।

ਕਿਸੇ ਚੰਦਰੇ ਦੀ ਇਸ ਨੂੰ ਲੱਗ ਗਈ ਐਸੀ ਨਜ਼ਰ ਯਾਰੋ,
ਰਾਹੂ ਕੇਤੂ ਵਿੱਚ ਅੱਜ ਘਿਰ ਗਿਆ ਇਹਦਾ ਨਛੱਤਰ ਹੈ।

ਇਹਦੀ ਧਰਤੀ ਤੇ 'ਕਿਦਾਰ' ਹੁਣ ਕਤਲੇਆਮ ਹੁੰਦਾ ਹੈ,
ਅਜ ਪੰਜਾਬ ਮੇਰਾ ਬਣ ਗਿਆ ਕੁਰੁਕਸ਼ੇਤਰ ਹੈ।

## ਗ਼ਜ਼ਲ

ਹਰ ਮੁਸ਼ਕਲ ਹਰ ਤੰਗੀ ਯਾਰੋ ਕਟ ਲਈ ਆਖਰਕਾਰ ਅਸੀਂ।
ਹੱਥ ਨਾ ਕੀਤਾ ਕਿਸੇ ਦੇ ਅੱਗੇ ਨਾ ਕੀਤੀ ਹਾਹਾਕਾਰ ਅਸੀਂ।

ਗੁਜ਼ਰੇ ਨੇ ਦਿਨ ਕਿਦਾਂ ਸਾਡੇ ਯਾਰ ਕੀ ਸਾਨੂੰ ਪੁਛਦੇ ਹੋ,
ਏਨਾ ਹੀ ਕਾਫੀ ਨਹੀਂ ਹੈਗਾ ਕਟ ਲਏ ਦਿਨ ਚਾਰ ਅਸੀਂ।

ਅਪਣੇ ਦੇਸ਼ ਦੀ ਖਾਤਰ ਜਿਨ੍ਹਾਂ ਜਾਨ ਨੂੰ ਹਸ ਕੇ ਵਾਰ ਦਿੱਤਾ,
ਉਹਨਾਂ ਦਾ ਹਰਦਮ ਦਿਲ ਦੇ ਵਿੱਚ ਕੀਤਾ ਹੈ ਸਤਿਕਾਰ ਅਸੀਂ।

ਅਸੀਂ ਨਾ ਛੱਡਕੇ ਦੁਨੀਆਂ ਨੂੰ ਜੰਗਲਾਂ ਦੇ ਵੱਲ ਦੌੜੇ ਹਾਂ,
ਹਰ ਥਾਂ ਰੱਬ ਦਾ ਜਲਵਾ ਡਿੱਠਾ ਯਾਰੋ ਵਿੱਚ ਸੰਸਾਰ ਅਸੀਂ।

ਯਾਦ ਤੇਰੀ ਦੀ ਮਾਲਾ ਆਪਣੇ ਸਾਹਾਂ ਦੇ ਗਲ ਪਾ ਲਈ ਹੈ,
ਤੈਨੂੰ ਨਾ ਭੁੱਲਣ ਦਾ ਦਿਲ ਵਿਚ ਕੀਤਾ ਸੀ ਇਕਰਾਰ ਅਸੀਂ।

ਇਸ ਬਦਲਦੀ ਦੁਨੀਆਂ ਅੰਦਰ ਅਸੀਂ ਤਾਂ ਯਾਰੋ ਬਦਲੇ ਨਾ,
ਉਹਦੇ ਹੀ ਬਸ ਹੋ ਕੇ ਰਹਿ ਗਏ ਜਿਸਨੂੰ ਬਣਾਇਆ ਯਾਰ ਅਸੀਂ।

ਕਿਉਂ ਕਿਸੇ ਨੂੰ ਦੁਖ ਦਿੰਦੇ ਹੋ ਕਿਉਂ ਆਪਸ ਵਿਚ ਲੜਦੇ ਹੋ,
ਕਦ ਤੱਕ ਇਥੇ ਬੈਠੇ ਰਹਿਣਾ ਜਾਣਾ ਆਖ਼ਰਕਾਰ ਅਸੀਂ।

ਉਹਦੀ ਮਰਜ਼ੀ ਤੇ ਮਰ ਜਾਣਾ ਉਹਦੀ ਖੁਸ਼ੀ ਨੂੰ ਪੂਰਾ ਕਰਨਾ,
ਇਹੋ ਸੋਚਕੇ ਦਿਲ ਦੇ ਅੰਦਰ ਕੀਤਾ ਹੈ ਸੀ ਪਿਆਰ ਅਸੀਂ।

ਸ਼ਿਕਵਾ ਗਿਲਾ ਕਦੀ ਕਦੀ ਯਾਰ ਅੱਗੇ ਕਰ ਲੈਂਦੇ ਸੀ,
ਇਹ ਵੀ ਉਹਦੇ ਅਗੇ ਕਰਨਾ ਛਡ ਦਿੱਤਾ 'ਕਿਦਾਰ' ਅਸੀਂ।

## ਗ਼ਜ਼ਲ

ਮੇਰਾ ਦੋਸਤ ਆਪਣੀ ਦੋਸਤੀ ਦਾ ਦਮ ਜਦ ਭਰਦਾ ਹੈ।
ਇਵੇਂ ਲਗਦਾ ਹੈ ਮੇਰੇ ਤੇ ਜਿਵੇਂ ਅਹਿਸਾਨ ਕਰਦਾ ਹੈ।

ਅਹਿਸਾਨਾਂ ਦਾ ਬੋਝ ਸਭ ਬੋਝਾਂ ਤੋਂ ਭਾਰੀ ਹੈ ਯਾਰੋ,
ਬੜੀ ਮੁਸ਼ਕਿਲ ਦੇ ਨਾਲ ਇਸ ਨੂੰ ਸਿਰ ਤੇ ਜਰਦਾ ਹੈ।

ਇਸ ਅਣਖ ਨੂੰ ਕਿਧਰੇ ਕੋਈ ਠੋਕਰ ਨਾ ਲਗ ਜਾਏ,
ਬੜਾ ਹੀ ਡਰ-ਡਰ ਕੇ ਉਹਦੇ ਦਰ ਤੇ ਪੈਰ ਧਰਦਾ ਹੈ।

ਬੜਾ ਹੀ ਤਰਸ ਆਉਂਦਾ ਹੈ ਆਪਣੇ ਆਪ ਤੇ ਉਦੋਂ,
ਸਹਾਰੇ ਕਿਸੇ ਦੇ ਮੁਸ਼ਕਿਲ ਦੇ ਜਦ ਸਾਗਰ ਨੂੰ ਤਰਦਾ ਹੈ।

ਕਰਕੇ ਪਿਆਰ ਕਿਸੇ ਨੂੰ ਜਤਲਾਇਆ ਨਹੀਂ ਜਾਂਦਾ।
ਉਹਦੀ ਖੁਸ਼ੀਆਂ ਲਈ 'ਕਿਦਾਰ' ਤੇ ਚੁਪ ਚਾਪ ਮਰਦਾ ਹੈ।

## ਗ਼ਜ਼ਲ

ਦੋ ਤਰ੍ਹਾਂ ਦੇ ਆਦਮੀ ਦੁਨੀਆਂ ਤੇ ਹੁੰਦੇ ਦੋਸਤੋ।
ਕਈ ਮਰ ਕੇ ਭੀ ਜਿਉਂਦੇ ਰਹੇ ਕਈ ਜਿਉਂਦੇ ਜੀ ਮਰ ਗਏ।

ਕਈਆਂ ਨੇ ਸਾਗਰ ਪੀ ਲਏ ਪਰ ਪਿਆਸ ਯਾਰੋ ਬੁੱਝੀ ਨਾ,
ਕਈਆਂ ਦੇ ਦੋ ਘੁੱਟ ਨਾਲ ਹੀ ਢਿੱਡ ਯਾਰੋ ਭਰ ਗਏ।

ਕਈਆਂ ਨੇ ਬਾਗ ਉਜਾੜ ਕੇ ਫੁੱਲਾਂ ਨੂੰ ਹੈ ਮਸਲਿਆ,
ਕਈ ਖੂਨ ਦੇ ਕੇ ਅਪਣਾ ਬਾਗਾਂ ਨੂੰ ਹਰਾ ਕਰ ਗਏ।

ਬਣ ਕੇ ਗਦਾਰ ਕਿਸੇ ਨੇ ਵੇਚ ਖਾਧਾ ਦੇਸ਼ ਨੂੰ,
ਕਈ ਦੇਸ਼ ਦੀ ਖਾਤਰ ਸੂਲੀ ਤੇ ਹਸ ਕੇ ਚੜ੍ਹ ਗਏ।

ਗ਼ਜ਼ਲ

ਮੇਰਾ ਤਾਂ ਅਜੇ ਭੀ ਉਸ ਬੰਦੇ ਨਾਲ ਪਿਆਰ ਹੈ।
ਬੇਸ਼ਕ ਉਹ ਰਹਿਣ ਵਾਲਾ ਸਰਹੱਦਾਂ ਤੋਂ ਪਾਰ ਹੈ।

ਸਰਹੱਦਾਂ ਦੀਆਂ ਕੰਧਾਂ ਬੇਸ਼ਕ ਸੀ ਉਚੀਆਂ,
ਮੇਰੀ ਲਗਨ ਦੀ ਉਸ ਤੋਂ ਉੱਚੀ ਓਡਾਨ ਹੈ।

ਮੁਲਕਾਂ ਦੀ ਵੰਡ ਬੇਸ਼ਕ ਪਾ ਦਿਤੀ ਸੀ ਹਾਕਮਾਂ,
ਪਰ ਦਿਲ ਦੀ ਵੰਡ ਪਾਉਣ ਤੋਂ ਹੋਇਆ ਲਚਾਰ ਹੈ।

ਮੈਨੂੰ ਤੇ ਕੈਦ ਕਰਨਾ ਮੁਸ਼ਕਲ ਨਹੀਂ ਸੀ ਗੱਲ,
ਮੇਰੀ ਸੋਚ ਪਰ ਉਹਦੀ ਪਹੁੰਚ ਤੋਂ ਬਾਹਰ ਹੈ।

ਜ਼ਿੰਦਗੀ ਭਰ ਬਾਂਹ ਅਸੀਂ ਛਡੀ ਨਾ ਉਸ ਦੀ,
ਜਿਹਨੂੰ 'ਕਿਦਾਰ' ਕਹਿ ਦਿੱਤਾ ਇਕ ਵਾਰ ਯਾਰ ਹੈ।

## ਸ਼ੇਰੇ ਪੰਜਾਬ ਜਵਾਨ ਮੇਰਾ

ਭੱਠੀ ਜ਼ੁਲਮ ਦੀ ਵਿਚ ਤਪ ਕੇ ਵੀਰ ਮੇਰਾ
ਕੁੰਦਨ ਬਣ ਕੇ ਹੋਰ ਵੀ ਨਿਖਰਿਆ ਹੈ।

ਜੁਗਤ ਬੰਦੀ ਨਾਲ ਕਰ ਲਿਆ ਫੇਰ ਕੱਠਾ
ਤੀਲਾ ਤੀਲਾ ਜੋ ਹੋ ਕੇ ਬਿਖਰਿਆ ਹੈ।

ਉਹਦੀ ਨੱਕ 'ਚ ਪਾ ਨਕੇਲ ਦਿੱਤੀ
ਫਿਰਦਾ ਸਾਹਨ ਜੋ ਪੈਲੀ ਵਿਚ ਵਿਫਰਿਆ ਹੈ।

ਘੁਟਨੇ ਆਣ ਕੇ ਮੂਹਰੇ ਉਸ ਟੇਕ ਦਿੱਤੇ
ਆਪਣੇ ਜ਼ੋਰ ਵਿਚ ਜਿਹੜਾ ਵੀ ਆਕੜਿਆ ਹੈ।

ਸੂਰਮਤਾਈ ਵਿਖਾ ਕੇ ਆਪਣੀ ਉਸ
ਦੂਰ ਕੀਤਾ ਸੀ ਵਹਿਮ ਗੁਮਾਨ ਮੇਰਾ।

ਟਪ ਜਾਊਗਾ ਅਨੰਤ ਨੂੰ ਔਕੜਾਂ ਏ
ਇਕ ਦਿਨ ਸ਼ੇਰੇ ਪੰਜਾਬ ਜਵਾਨ ਮੇਰਾ।

ਵਾਹਿਗੁਰੂ ਦਾ ਸੱਚਾ ਜੋ ਸਿਖ ਹੈਗਾ
ਕਦੀ ਖ਼ੂਨ ਨਾਲ ਹੱਥ ਨਹੀਂ ਰੰਗਦਾ ਹੈ।

ਰਕਸ਼ਾ ਮਜ਼ਲੂਮਾਂ ਦੀ ਕਰਦਾ ਸਦਾ ਆਇਆ
ਭਲਾ ਇਹੋ ਸਰਬਤ ਦਾ ਮੰਗਦਾ ਹੈ।

ਜ਼ਬਰ ਅਗੇ ਕਦੀ ਨਹੀਂ ਝੁਕਿਆ ਏ
ਸੱਚੀ ਗੱਲ ਨਹੀਂ ਕਹਿਣ ਤੋਂ ਸੰਗਦਾ ਹੈ।

ਇਹਦੀ ਪੱਗ ਨੂੰ ਜੋ ਕੋਈ ਹੱਥ ਪਾਵੇ
ਪੁੱਠਾ ਉਸ ਨੂੰ ਫਿਰ ਇਹ ਟੰਗਦਾ ਹੈ।

ਹੱਥੀਂ ਆਪਣੇ ਕਰ ਕੇ ਖਾਣ ਵਾਲਾ
ਏਨੇ ਲਿਆ ਨਹੀਂ ਕਦੀ ਅਹਿਸਾਨ ਮੇਰਾ।

ਟਪ ਜਾਊਗਾ ਅਨੰਤ ਨੂੰ ਔਕੜਾਂ ਇਹ
ਇਕ ਦਿਨ ਸ਼ੇਰੇ ਪੰਜਾਬ ਜਵਾਨ ਮੇਰਾ।

ਪਿਆਰ ਨਾਲ ਗੁਲਾਮੀ ਵੀ ਕਰ ਲੈਂਦਾ
ਪਰ ਟੈਂ ਕਿਸੇ ਦੀ ਨਹੀਂ ਸਹਾਰਦਾ ਏ।

ਉਹਦੀ ਮਦਦ ਨੂੰ ਝਟ ਇਹ ਪਹੁੰਚ ਜਾਂਦਾ
ਲੋੜ ਬੰਦ ਜੇ ਕੋਈ ਪੁਕਾਰਦਾ ਹੈ।

ਹਾਮੀ ਅਮਨ ਦਾ ਅਮਨ ਦੀ ਗੱਲ ਕਰਦਾ
ਜੰਗ ਬਾਜ਼ਾਂ ਨੂੰ ਸਦਾ ਦੁਤਕਾਰਦਾ ਹੈ।

ਇਹਦਾ ਹਿਰਦਾ ਬੜਾ ਵਿਸ਼ਾਲ ਹੈਗਾ
ਸਿੱਕਾ ਬੈਠਿਆ ਇਹਦੇ ਵਿਕਾਰ ਦਾ ਹੈ।

ਇਹਦੇ ਉਤੇ ਹੈ ਪੂਰਨ ਵਿਸ਼ਵਾਸ ਮੈਨੂੰ
ਕਾਇਮ ਰਖੇਗਾ ਇਹੋ ਨਿਸ਼ਾਨ ਮੇਰਾ।

ਟੱਪ ਜਾਊਗਾ ਅਨੰਤ ਨੂੰ ਔਕੜਾਂ ਇਹ
ਇਕ ਦਿਨ ਸ਼ੇਰੇ ਪੰਜਾਬ ਜਵਾਨ ਮੇਰਾ।

ਫੜ ਕੇ ਬੰਦੂਕ ਸਰਹੱਦਾਂ ਦੀ ਕਰੇ ਰਾਖੀ
ਖੇਤਾਂ ਵਿਚ ਇਹ ਕਦੀ ਕਿਸਾਨ ਦਿਸੇ।

ਸੇਵਾਦਾਰ ਬਣ ਕੇ ਜਦ ਇਹ ਕਰੇ ਸੇਵਾ
ਏਵੇਂ ਲਗਦਾ ਜਿਵੇਂ ਭਗਵਾਨ ਦਿਸੇ।

ਸਾਰੇ ਦੇਸ਼ ਨੂੰ ਇਸ ਤੇ ਗਰਵ ਹੈਗਾ
ਮੇਰੇ ਪੰਜਾਬ ਦੀ ਇਹ ਤੇ ਸ਼ਾਨ ਦਿਸੇ।

ਊਣਾ ਨਹੀਂ ਹੈ ਕਿਸੇ ਵੀ ਪਾਸਿਓਂ ਇਹ
ਸੂਚ ਸੱਚਾ ਤੇ ਨੇਕ ਇਨਸਾਨ ਦਿਸੇ।

'ਕਿਦਾਰ' ਅੱਖਾਂ ਦੇ ਫਰਸ਼ ਵਿਛਾ ਦੇਓ
ਪੰਜਾਬੋਂ ਚੱਲ ਕੇ ਆਇਆ ਮਹਿਮਾਨ ਮੇਰਾ।

ਟੱਪ ਜਾਊਗਾ ਅਨੰਤ ਨੂੰ ਔਕੜਾਂ ਇਹ
ਇਕ ਦਿਨ ਸ਼ੇਰੇ ਪੰਜਾਬ ਜਵਾਨ ਮੇਰਾ।

## ਗ਼ਜ਼ਲ

ਇਕ ਪਲ ਦੋ ਪਲ ਦਾ ਸਾਥ ਤੇਰਾ ਹਾਏ ਉਹ ਕਿੰਨਾ ਪਿਆਰਾ ਸੀ।
ਦਿਲ ਖੁਸ਼ੀਆਂ ਦੇ ਨਾਲ ਭਰਦਾ ਸੀ ਜੀਵਨ ਦਾ ਇਕ ਸਹਾਰਾ ਸੀ।

ਸਾਥ ਤੇਰਾ ਜਦ ਮਿਲਿਆ ਸੀ ਮੰਜ਼ਿਲ ਵੀ ਨੇੜੇ ਹੋ ਗਈ ਸੀ।
ਫਿਰ ਉਤਸ਼ਾਹ ਨਾਲ ਤੁਰਨ ਲੱਗਾ ਰਾਹੀ ਜੋ ਥੱਕਾ ਹਾਰਾ ਸੀ।

ਬਣ ਕੇ ਖ਼ੁਦਗ਼ਰਜ਼ੀ ਪਿਆਰ ਮੇਰਾ ਬਦਨਾਮ ਨਾ ਤੈਨੂੰ ਕਰ ਦੇਵੇ,
ਅਸੀਂ ਛੱਡ ਕੇ ਤੇਰੀਆਂ ਗਲੀਆਂ ਨੂੰ ਹੁਣ ਕੀਤਾ ਦੂਰ ਕਿਨਾਰਾ ਸੀ।

ਤੇਰਾ ਮਿਲਣਾ ਮੇਰੇ ਨਾਲ ਭਲਾ ਇਹ ਲੋਕੀ ਕਿਵੇਂ ਜਰ ਸਕਦੇ।
ਤੇਰਾ ਨਾਂ ਵੀ ਆਏ ਜ਼ੁਬਾਨ ਉਤੇ ਜੋ ਕਰਦੇ ਨਹੀਂ ਗਵਾਰਾ ਸੀ।

ਅਰਮਾਨ ਜੋ ਸਾਰੇ ਦਿਲ ਦੇ ਸਨ ਮਜ਼ਬੂਰੀ ਦੀ ਭੇਂਟ ਚੜ੍ਹਾ ਦਿੱਤੇ।
'ਕਿਦਾਰ' ਦਾ ਇਸ ਤੋਂ ਹੋਰ ਕੋਈ ਚਲਿਆ ਨਾ ਯਾਰੋ ਚਾਰਾ ਸੀ।

## ਗ਼ਜ਼ਲ

ਪਿਆਰ ਮੁਹਬਤ ਇਸ ਦੁਨੀਆਂ ਤੇ ਕਿਸ ਚਿੜੀਆ ਦਾ ਨਾਂ।
ਬਿਨ ਮਤਲਬ ਦੇ ਕੋਈ ਨਾ ਫੜਦਾ ਯਾਰ ਕਿਸੇ ਦੀ ਬਾਂਹ।

ਆਪਣਾ ਖ਼ੂਨ ਭੀ ਚਿੱਟਾ ਹੋ ਗਿਆ ਦੂਜੇ ਨੂੰ ਕੀ ਕਹਿਣਾ,
ਕੋਈ ਨਾ ਕਿਸੇ ਦੀ ਇਜ਼ਤ ਕਰਦਾ ਪਿਉ ਹੋਵੇ ਜਾਂ ਮਾਂ।

ਨਫ਼ਰਤ ਦੇ ਅੰਗਾਰੇ ਏਥੇ ਹਰ ਕੋਈ ਬਰਸਾਵੇ,
ਹਮਦਰਦੀ ਦੀ ਸਿਰ ਉਤੇ ਕਰੇ ਨਾ ਕੋਈ ਛਾਂ।

ਥਾਂ ਥਾਂ ਬੰਬ ਧਮਾਕੇ ਹੋਵਨ ਥਾਂ ਥਾਂ ਚਲੇ ਗੋਲੀ,
ਸ਼ਾਂਤੀ ਨਾਲ ਕੋਈ ਰਹਿ ਸਕੇ ਬਚੀ ਨਾ ਐਸੀ ਥਾਂ।

ਹਰ ਕੋਈ ਪੈਸੇ ਵਾਲੇ ਨੂੰ ਦੋਸਤ ਪਿਆ ਬਣਾਏ,
'ਕਿਦਾਰ' ਗ਼ਰੀਬ ਦੀ ਮਦਦ ਲਈ ਕਰੇ ਨਾ ਕੋਈ ਹਾਂ।

## ਗ਼ਜ਼ਲ

ਮਿਲੀ ਖ਼ੁਸ਼ੀ ਸਾਨੂੰ ਜੇਕਰ ਕਦੀ ਯਾਰੋ।
ਅਸੀਂ ਵੰਡ ਕੇ ਦੂਣ ਸਵਾਈ ਕੀਤੀ।

ਮਿਲਿਆ ਗ਼ਮ ਵੀ ਜੇਕਰ ਨਸੀਬ ਅੰਦਰ,
ਉਹਦੀ ਦਿਲ ਦੇ ਵਿਚ ਸਮਾਈ ਕੀਤੀ।

ਉਹਦੀ ਹੋਣੀ ਮਜ਼ਬੂਰੀ ਕੋਈ ਸਮਝ ਲੈਣਾ,
ਜੇਕਰ ਕਿਸੇ ਨੇ ਵੀ ਬੇਵਫਾਈ ਕੀਤੀ।

ਬੁਰਾਈ ਕਿਸੇ ਦੀ ਕੋਈ ਜੇ ਕਰਨ ਲਗਾ,
ਉਹਦੀ ਗੱਲ ਅਣਸੁਣੀ ਸੁਣਾਈ ਕੀਤੀ।

ਉਸ ਬੰਦੇ ਨੂੰ ਈਸ਼ਵਰ ਹੈ ਭਾਗ ਲਾਉਂਦਾ,
ਨੇਕ ਨੀਤੀ ਦੀ ਜਿੰਨੇ ਕਮਾਈ ਕੀਤੀ।

ਘਿਰਿਆ ਹੋਇਆ ਮੁਸੀਬਤਾਂ ਵਿਚ ਜਿਹੜਾ,
ਕਦੀ ਉਹਦੀ ਨਾ ਜੱਗ ਹਸਾਈ ਕੀਤੀ।

ਉਸ ਬੰਦੇ ਨੂੰ ਮਿਲਦਾ ਜ਼ਰੂਰ ਹੈਗਾ,
ਸੱਚੇ ਮਨ ਨਾਲ ਜਿਨ੍ਹੇ ਰਸਾਈ ਕੀਤੀ।

ਆਪਣੀ ਤਾਕਤ ਦਾ ਕਦੀ ਨਹੀਂ ਮਾਣ ਕੀਤਾ,
ਨਾ ਕਿਸੇ ਨਾਲ ਜ਼ੋਰ ਅਜ਼ਮਾਈ ਕੀਤੀ।

ਬੁਰਾ ਆਦਮੀ ਬੁਰਾ ਹੀ ਸੋਚਦਾ ਏ,
ਭਲੇ ਬੰਦੇ ਨੇ ਸਦਾ ਭਲਾਈ ਕੀਤੀ।

## ਨਵਾਂ ਸਾਲ

ਨਵਾਂ ਸਾਲ ਤੂੰ ਜਮ ਜਮ ਆ
ਤੇਰੇ ਆਣ ਦਾ ਸਭ ਨੂੰ ਚਾਅ।

ਤੇਰੇ ਚਿਹਰੇ ਦੇ ਉਤੇ ਹੁਣ
ਗ਼ਮ ਦੀ ਕੋਈ ਲਕੀਰ ਨਾ ਹੋਵੇ।
ਕਿਸੇ ਭੀ ਮਜਬੂਰੀ ਦੇ ਤੇਰੇ
ਪੈਰੀਂ ਪਈ ਜੰਜ਼ੀਰ ਨਾ ਹੋਵੇ।

ਕਿਸੇ ਗ਼ਰੀਬ ਦੀ ਬਹੁ-ਬੇਟੀ
ਧਨਵਾਨ ਦੀ ਬਣੀ ਜਾਗੀਰ ਨਾ ਹੋਵੇ।
ਖ਼ੂਨ ਦੇ ਵਿਚ ਰੰਗੀ ਹੋਈ
ਹੁਣ ਤੇਰੀ ਤਸਵੀਰ ਨਾ ਹੋਵੇ।

ਤੇਰੇ ਸੱਚ ਦੇ ਅੰਦਰ ਦੇਖੀਂ
ਝੂਠ ਨਾ ਦੇਵੇ ਕੋਈ ਮਿਲਾ
ਨਵਾਂ ਸਾਲ ਤੂੰ .......

ਕੁਮਲਾਏ ਨਾ ਫੁੱਲ ਬਾਗ ਦਾ
ਡਬਵਾਲੀ ਫਿਰ ਘਟੇ ਨਾ ਘਟਨਾ
ਭਰੀ ਜਵਾਨੀ ਨਾਲ ਕਿਸੇ ਦਾ
ਮੌਤ ਦਾ ਦੇਖੀਂ ਮਲੇ ਨਾ ਵਟਨਾ।
ਡਰ ਖ਼ੌਫ਼ ਦਾ ਦਿਲ ਦੇ ਅੰਦਰ
ਸਬਕ ਨਾ ਪੈ ਜਾਏ ਮੁੜਕੇ ਰਟਨਾ।
ਇਸ ਧਰਤੀ ਦੇ ਹਰ ਚੱਪੇ ਤੇ
ਅਮਨ ਦੇ ਦੇਵੀਂ ਫੁੱਲ ਖਿਲਾ।
ਨਵਾਂ ਸਾਲ ਤੂੰ .......।

ਮੇਰੇ ਇਸ ਦੇਸ਼ ਦੇ ਅੰਦਰ
ਵਿਕਾਊ ਕੋਈ ਇਨਸਾਨ ਬਣੇ ਨਾ।
ਪੈਸੇ ਦੇ ਲਾਲਚ ਵਿਚ ਆ ਕੇ
ਬੰਦਾ ਕੋਈ ਸ਼ੈਤਾਨ ਬਣੇ ਨਾ।
ਕਿਸੇ ਦੀ ਇਜ਼ਤ ਲੁੱਟਣ ਵਾਲਾ
ਹੁਣ ਕੋਈ ਹੈਵਾਨ ਬਣੇ ਨਾ।

ਰੌਣਕ ਭਰਿਆ ਤੇਰਾ ਵਿਹੜਾ
ਫਿਰ ਕਿੱਧਰੇ ਸੁੰਨਸਾਨ ਬਣੇ ਨਾ।
'ਕਿਦਾਰ' ਨਾ ਲਗੇ ਨਜ਼ਰ ਕਿਸੇ ਦੀ
ਬੁਰੀ ਨਜ਼ਰ ਤੋਂ ਇਹਨੂੰ ਬਚਾ
ਨਵਾਂ ਸਾਲ ਤੂੰ .....

## ਗ਼ਜ਼ਲ

ਇਹ ਖਿੱਚ ਤੇ ਯਾਰ ਦੁਵੱਲੀ ਸੀ,
ਫਿਰ ਮੈਂ ਹੀ ਕਿਉਂ ਗੁਨਾਹਗਾਰ ਹੋਇਆ।
ਹੋਰ ਭੀ ਲੋਕੀ ਵਸਦੇ ਨੇ
ਤੇਰੇ ਨਾਲ ਹੀ ਫਿਰ ਕਿਉਂ ਪਿਆਰ ਹੋਇਆ।

ਉਦੋਂ ਭੀ ਸੋਹਣੀ ਲਗਦੀ ਸੀ
ਤੂੰ ਹੁਣ ਭੀ ਸੋਹਣੀ ਲਗਦੀ ਏਂ,
ਤੇਰੀ ਚਾਹਤ ਮੇਰੇ ਦਿਲ ਵਿਚ ਹੈ
ਦਸ ਇਸ ਤੋਂ ਕਦ ਇਨਕਾਰ ਹੋਇਆ।

ਪਲਕਾਂ ਤੇ ਬਿਠਾਇਆ ਤੂੰ ਪਹਿਲੇ
ਨਜ਼ਰਾਂ 'ਚੋਂ ਹੁਣ ਗਿਰਾ ਦਿੱਤਾ,
ਤਾਂਈਓਂ ਤੇ ਮਜਨੂੰ ਬਣਿਆਂ ਮੈਂ
ਤਾਈਓਂ ਤੇ ਦਾਮਨ ਤਾਰ ਹੋਇਆ।

ਇਹ ਮੰਨਿਆ ਸੈਨਤ ਮਾਰਕੇ ਮੈਂ
ਤੈਨੂੰ ਆਪਣੇ ਕੋਲ ਬੁਲਾਇਆ ਸੀ,
ਪਰ ਮੇਰਾ ਇਹ ਇਸ਼ਾਰਾ ਜੋ
ਤੈਨੂੰ ਵੀ ਸਵੀਕਾਰ ਹੋਇਆ।

ਨਾ ਦਿਲ ਸੀ ਮੇਰੇ ਵਸ ਅੰਦਰ
ਨਾ ਇਸ ਨੂੰ ਮੈਂ ਸਮਝਾ ਸਕਿਆ,
ਗਲੀਆਂ ਵਿਚ ਗਾਉਂਦਾ ਗੀਤ ਤੇਰੇ
ਅਜ ਪਾਗ਼ਲ ਤੇਰਾ 'ਕਿਦਾਰ' ਹੋਇਆ।

## ਰੁਬਾਈ

ਪਿਆਰ ਤੇ ਇਸ ਦੁਨੀਆਂ ਤੇ
ਹਰ ਕੋਈ ਕਰਦਾ ਆਇਆ।
ਹੁਸਨ ਦੇ ਨਾਲ ਇਸ਼ਕ ਦਾ
ਇਸਨੇ ਮੇਲ ਕਰਾਇਆ।
ਕਿਸਮਤ ਵਾਲੇ ਇਸ ਦੁਨੀਆਂ ਤੇ
ਹੁੰਦੇ ਨੇ ਉਹ ਲੋਗ।
ਜਿਸਦੇ ਕਿਸੇ ਨੇ ਪਿਅਰ ਨੂੰ
ਹੈ ਯਾਰੋ ਅਪਣਾਇਆ।

## ਮੌਤ ਵਿਚ ਹੈ ਜ਼ਿੰਦਗੀ

ਜ਼ਿੰਦਗੀ ਵਿਚ ਮੌਤ ਹੈ ਮੌਤ ਵਿਚ ਹੈ ਜਿੰਦਗੀ
ਬਸ ਇਹ ਹੀ ਸਚ ਹੈ ਤੇ ਸਚ ਦੀ ਪਹਿਚਾਣ ਹੈ।

ਜ਼ਿੰਦਗੀ ਵਿਚ ਮੌਤ ਹੈ ਤੇ ਮੌਤ ਵਿਚ ਹੈ ਜ਼ਿੰਦਗੀ
ਇਸ ਹਕੀਕਤ ਨੂੰ ਅਜੇ ਨਹੀਂ ਸਮਝਿਆ ਇਨਸਾਨ ਹੈ।

ਮੌਤ ਦੇ ਡਰ ਦਾ ਜ਼ਹਿਰ ਭੁਲਕੇ ਵੀ ਦੇਖਣਾ
ਜ਼ਿੰਦਗੀ ਦੀ ਚਾਸ਼ਨੀ ਵਿਚ ਕਦੀ ਭਰਨਾ ਨਹੀਂ।

ਆਪਣੀ ਖੁਸ਼ੀਆਂ ਦੇ ਪੱਲੇ ਬੰਨ ਕੇ ਉਦਾਸੀਆਂ
ਬਰਬਾਦ ਆਪਣੀ ਜ਼ਿੰਦਗੀ ਨੂੰ ਕਦੀ ਕਰਨਾ ਨਹੀਂ।

ਜ਼ਿੰਦਗੀ ਦੋ ਚਾਰ ਦਿਨ ਦੀ ਜੇ ਸਮਝਦੇ ਹੋ ਤੁਸੀਂ
ਫਿਰ ਇਨ੍ਹਾਂ ਨੂੰ ਗਮਾਂ ਦੀ ਭੇਂਟ ਕਿਉਂ ਦਈਏ ਚੜ੍ਹਾ।

ਖੁਸ਼ੀਆਂ ਦੇ ਨਾਲ ਝੋਲੀ ਕਿਉਂ ਨਾ ਭਰਕੇ ਇਹਨਾਂ ਦੀ
ਪਿਆਰ ਦੇ ਹੱਥਾਂ 'ਚ ਇਸਦੀ ਬਾਂਹ ਦੇਈਏ ਫੜਾ।

ਕਦੀ ਫਿੱਕਾ ਨਾ ਪਏ ਉਮਰ ਭਰ ਏਸ ਦਾ
ਰੰਗ ਗੂੜ੍ਹਾ ਸੱਧਰਾਂ ਦਾ ਇਸ ਤੇ ਦੇਈਏ ਚੜਾ।

ਜ਼ਿੰਦਗੀ ਬਸ ਬਣ ਗਈ ਹੈ ਉਸਦੀ ਇਹ ਦੋਸਤੋ
ਜਿਸਨੇ ਸਾਰੀ ਉਮਰ ਉਸ ਮਾਲਕ ਦੀ ਕੀਤੀ ਬੰਦਗੀ।

ਫਿਰ ਉਹ ਇਨਸਾਨ ਕਦ ਇਨਸਾਨ ਬਣਕੇ ਆਏਗਾ
ਭੈੜਿਆਂ ਕੰਮਾਂ 'ਚ ਜਿਹਦੀ ਜ਼ਿੰਦਗੀ ਹੈ ਲੰਘਦੀ।

ਜ਼ਿੰਦਗੀ ਕੰਮ ਆ ਗਈ ਬਸ ਉਸ ਇਨਸਾਨ ਦੀ
ਜ਼ਿੰਦਗੀ ਜਿਹਦੀ ਸਭਦੀ ਮੰਗਦੀ ਹੈ ਜ਼ਿੰਦਗੀ।

'ਕਿਦਾਰ' ਤੂੰ ਵੀ ਦੁਨੀਆਂ ਤੇ ਕਰਦਾ ਰਹਿ ਭਲਾ ਸਭਦਾ
ਸ਼ਾਇਦ ਕਿਧਰੇ ਆ ਜਾਏ ਤੇਰੀ ਵੀ ਕੰਮ ਇਹ ਜ਼ਿੰਦਗੀ।

## ਪਿਆਰ ਦਾ ਸਬਕ

ਜ਼ਿੰਦਗੀ ਦੇ ਸਾਲ ਯਾਰੋ ਮੈਂ ਤੇ ਕਦੇ ਗਿਣੇ ਨਹੀਂ
ਭਰਨ ਲਗਿਆ ਖੁਸ਼ੀਆਂ ਦੇ ਜਾਮ ਕਦੀ ਮਿਣੇ ਨਹੀਂ।

ਜੋ ਸੀ ਮਿਲਿਆ ਸ਼ੁਕਰ ਕੀਤਾ ਤਕਦੀਰ ਨੂੰ ਨਹੀਂ ਕੋਸਿਆ
ਜ਼ਿੰਦਗੀ ਵਿਚ ਮੈਂ ਹਮੇਸ਼ਾਂ ਇਸ ਤਰ੍ਹਾਂ ਸੀ ਸੋਚਿਆ।

ਮਿਹਰਬਾਨੀ ਦੀ ਕਦੀ ਮੈਂ ਨਾ ਮੰਗੀ ਭਿਖਿਆ
ਨਾ ਕਦੀ ਆਕੜ ਕੇ ਮੈਂ ਦੁਨੀਆਂ ਤੇ ਚਲਣਾ ਸਿੱਖਿਆ।

ਕੰਮ ਮੈਂ ਦੁਨੀਆਂ ਦੇ ਅੰਦਰ ਜੇ ਕਿਸੇ ਦੇ ਆ ਗਿਆ
ਆਪਣੇ ਆਪ ਨੂੰ ਖੁਸ਼ੀਆਂ ਦੇ ਅੰਦਰ ਪਾ ਗਿਆ।

ਆਪਣੀ ਅਕਲ ਦਾ ਕੀਤਾ ਕਦੀ ਨਹੀਂ ਮਾਣ ਹੈ
ਮੈਂ ਹਮੇਸ਼ਾਂ ਆਪ ਨੂੰ ਸਮਝਿਆ ਅਨਜਾਣ ਹੈ।

ਮਤਲਬ ਦੇ ਵਾਸਤੇ ਕੀਤਾ ਕਿਸੇ ਨੂੰ ਪਿਆਰ ਨਾ
ਮਤਲਬੀ ਇਨਸਾਨ ਦਾ ਬਣਿਆਂ ਕਦੀ ਮੈਂ ਯਾਰ ਨਾ।

ਜ਼ਿੰਦਗੀ ਦੇ ਵਿਚ ਮੈਂ ਖਾਧੀ ਕਿਸੇ ਤੋਂ ਖਾਰ ਨਾ
ਮੁਸ਼ਕਲ ਨੂੰ ਮੁਸ਼ਕਲ ਜਾਣ ਕੇ ਮੰਨੀ ਕਦੀ ਵੀ ਹਾਰ ਨਾ।

ਮੈਂ ਹਮੇਸ਼ਾਂ ਸਬਕ ਸਿਖਿਆ ਜ਼ਿੰਦਗੀ ਵਿਚ ਪਿਆਰ ਦਾ
ਤੁਹਾਨੂੰ ਵੀ ਇਹ ਮਸ਼ਵਰਾ ਹੈ ਦੋਸਤੋ 'ਕਿਦਾਰ' ਦਾ।

# ਮਦਰ ਟਰੇਸਾ

ਤੇਰਾ ਨਾਂ ਦੁਨੀਆਂ ਵਿਚ ਅਮਰ ਰਹੇਗਾ
ਜਦ ਤਕ ਦੁਨੀਆਂ ਤੇ ਬਸ਼ਰ ਰਹੇਗਾ।

ਤੇਰੇ ਨਾਂ ਨੂੰ ਨਾ ਕੋਈ ਭੁੱਲ ਸਕੇਗਾ
ਤੇਰਾ ਹਰ ਜ਼ੁਬਾਂ ਉਤੇ ਜ਼ਿਕਰ ਰਹੇਗਾ।

ਮਦਰ ਟਰੇਸਾ ਹੈ ਅਜ ਤੁਰ ਗਈ
ਜਿਹਦੀ ਸਾਰੀ ਉਮਰ ਸੇਵਾ ਵਿਚ ਗੁਜਰ ਗਈ।

ਤੇਰੀ ਨਾਲ ਦੀ ਦੁਨੀਆਂ ਤੇ ਨਾ ਮਿਲਣੀ ਮਿਸਾਲ ਹੈ
ਹਰ ਦਿਲ ਦੇ ਵਿਚ ਉਹ ਬਣਾਕੇ ਘਰ ਗਈ।

## ਗ਼ਜ਼ਲ

ਆਪਣਾ ਤੇ ਰੰਗ ਬਸ ਆਪਣਾ ਹੀ ਰੰਗ ਹੈ।
ਮੇਰੀ ਕਵਿਤਾ ਮੇਰੇ ਹੀ ਜਿਸਮ ਦਾ ਇਕ ਅੰਗ ਹੈ।

ਦਿਲ ਨੇ ਜੋ ਮਹਿਸੂਸ ਕੀਤਾ ਕਹਿ ਦਿਤਾ ਦੋਸਤੋ,
ਨਾ ਕਿਸੇ ਦਾ ਖੌਫ਼ ਖਾਦਾ ਨਾ ਕਿਸੇ ਦੀ ਸੰਗ ਹੈ।

ਮੈਂ ਤੇ ਸ਼ਾਇਰ ਹਾਂ ਕੋਈ ਸੌਦਾ ਨਹੀਂ ਹਾਂ ਵੇਚਦਾ,
ਜੋ ਮੈਂ ਸੋਚਾਂ ਇਸ ਤਰ੍ਹਾਂ ਕਿਸ ਦੀ ਜ਼ਿਆਦਾ ਮੰਗ ਹੈ।

ਮਿੰਟਾਂ ਵਿਚ ਲੋਕ ਜੋ ਗ਼ਜ਼ਲ ਕਰ ਲੈਂਦੇ ਤਿਆਰ,
ਦੇਖ ਕੇ ਫੁਰਤੀ ਉਨ੍ਹਾਂ ਦੀ ਅਕਲ ਯਾਰੋ ਦੰਗ ਹੈ।

ਕਿਸ ਤਰ੍ਹਾਂ ਗੁਜ਼ਰੀ ਹੈ ਕੀ ਪੁੱਛਦੇ ਹੋ ਦੋਸਤੋ,
ਇਨਾ ਹੀ ਕਾਫੀ ਨਹੀਂ ਕਿ ਵਕਤ ਗਿਆ ਲੰਘ ਹੈ।

ਜਾਮ ਤੇ ਕੋਈ ਜਾਮ ਲੈਂਦਾ ਬੂੰਦ ਨੂੰ ਕੋਈ ਤਰਸਦਾ,
ਤੇਰੇ ਮਹਿਖਾਨੇ ਦਾ ਸਾਕੀ ਅਜਬ ਡਿੱਠਾ ਢੰਗ ਹੈ।

ਅਕਲ ਦਾ ਦਾਇਰਾ ਅਜ ਜਿੰਨਾ ਵਸੀਹ ਹੈ ਹੋ ਗਿਆ,
ਉਨ੍ਹਾਂ ਹੀ ਇਨਸਾਨ ਅੱਜ ਦਿਲ ਦਾ ਹੋਇਆ ਤੰਗ ਹੈ।

'ਕਿਦਾਰ' ਨੂੰ ਇਹ ਫ਼ਲਸਫ਼ਾ ਸਮਝਾ ਦਿਓ ਕੋਈ ਦੋਸਤੋ,
ਅਮਨ ਦੇ ਨਾਂ 'ਤੇ ਅੱਜ ਹੋ ਰਹੀ ਕਿਉਂ ਜੰਗ ਹੈ।

## ਨਜ਼ਮ

ਇੱਕ ਦਿਨ ਦੀ ਰੋਟੀ ਇੱਕ ਦਿਨ ਹਫਤੇ ਵਿੱਚ ਨਾ ਖਾਉ
ਕਈ ਭੁੱਖਿਆਂ ਬੱਚਿਆਂ ਦੇ ਢਿੱਡ ਤੁਸੀਂ ਭਰ ਸਕਦੇ ਹੋ।

ਇਸ ਤੋਂ ਵੱਡਾ ਹੋਰ ਕੋਈ ਦੁਨੀਆਂ ਤੇ ਪੁੰਨ ਹੋਣਾ ਹੈ ਕੀ
ਇਹ ਕੋਈ ਮੁਸ਼ਕਲ ਕੰਮ ਨਹੀਂ ਜੇ ਚਾਹੋ ਤੇ ਕਰ ਸਕਦੇ ਹੋ।

ਗਰੀਬਾਂ ਦੇ ਬੱਚਿਆਂ ਨੂੰ ਭੀ ਜੇਕਰਂ ਅਪਣਾ ਸਮਝ ਲਵੋ
ਫਿਰ ਤੇ ਦੁੱਖ ਉਹਨਾਂ ਦੇ ਯਾਰੋ ਹੱਸ ਹੱਸ ਕੇ ਜ਼ਰ ਸਕਦੇ ਹੋ।

ਇਨਸਾਨੀਅਤ ਦਾ ਜਜ਼ਬਾ ਜੇਕਰ ਦਿਲ ਦੇ ਅੰਦਰ ਜਾਗ ਪਵੇ
ਫਿਰ ਤੇ ਇੱਕ ਦੂਜੇ ਦੀ ਖਾਤਰ ਜੀ ਸਕਦੇ ਹੋ, ਮਰ ਸਕਦੇ ਹੋ।

## ਗ਼ਜ਼ਲ

ਜਿਹਦੀ ਅੱਖਾਂ 'ਚ ਹਰ ਵੇਲੇ ਇੱਕ ਤੂਫਾਨ ਰਹਿੰਦਾ ਹੈ।
ਹਮੇਸ਼ਾਂ ਡੁਬਿਆ ਉਸ ਵਿੱਚ ਉਹ ਇਨਸਾਨ ਰਹਿੰਦਾ ਹੈ।

ਕਿਸੇ ਨੂੰ ਦੱਸਦਾ ਕੁੱਝ ਨਹੀਂ ਕਿਸੇ ਤੋਂ ਪੁੱਛਦਾ ਕੁੱਝ ਨਹੀਂ,
ਆਪਣੇ ਖਿਆਲਾਂ ਵਿੱਚ ਉਹ ਸਦਾ ਗਲਤਾਨ ਰਹਿੰਦਾ ਹੈ।

ਉਹ ਲੋਕਾਂ ਦੀ ਭੀੜ 'ਚੋਂ ਹਮੇਸ਼ਾਂ ਲੰਘਕੇ ਜਾਂਦਾ ਹੈ,
ਉਹਦੇ ਦਿਲ ਦਾ ਰਸਤਾ ਫਿਰ ਭੀ ਸੁੰਨਸਾਨ ਰਹਿੰਦਾ ਹੈ।

ਜਿਹਨੇ ਆਪਣੇ ਹੀ ਗ਼ਮਾਂ ਦਾ ਸਦਾ ਲੈਣਾ ਸਹਾਰਾ ਹੈ,
ਫਿਰ ਕੀ ਖੁਸ਼ੀਆਂ ਦਾ ਉਹਦੇ ਸਿਰ ਅਹਿਸਾਨ ਰਹਿੰਦਾ ਹੈ।

ਦੁੱਖਾਂ ਵਿੱਚ ਮੁਸਕਰਾਉਣਾ ਜਿਸਨੇ ਸਿਖ ਲਿਆ ਯਾਰੋ,
ਉਹਦੇ ਦਿਲ ਦੇ ਅੰਦਰ ਨਾ ਕੋਈ ਅਰਮਾਨ ਰਹਿੰਦਾ ਹੈ।

ਜੋ ਫੁੱਲਾਂ ਨੂੰ ਦੇਖੇ ਦੇਖਕੇ ਉਨ੍ਹਾਂ ਨੂੰ ਮਸਲਨਾ ਚਾਹੇ,
ਉਹਦੇ ਦਿਲ ਦੇ ਅੰਦਰ ਤੇ ਸਦਾ ਸ਼ੈਤਾਨ ਰਹਿੰਦਾ ਹੈ।

ਜੋ ਦੁਨੀਆਂ ਵਿੱਚ 'ਕਿਦਾਰ' ਸਭ ਨੂੰ ਪਿਆਰ ਕਰਦਾ ਹੈ,
ਉਹਦੇ ਦਿਲ ਦੇ ਅੰਦਰ ਤੇ ਸਦਾ ਭਗਵਾਨ ਰਹਿੰਦਾ ਹੈ।

## ਗ਼ਜ਼ਲ

ਧੋਖਾ ਕੁਝ ਐਸਾ ਏ ਯਾਰੋ ਤਕਦੀਰ ਦੇ ਹੱਥੋਂ ਖਾ ਬੈਠੇ।
ਦੁਨੀਆਂ ਦੇ ਸਾਰੇ ਗ਼ਮ ਅਸੀਂ ਝੋਲੀ ਦੇ ਵਿੱਚ ਪਾ ਬੈਠੇ।

ਅਸੀਂ ਆਪ ਸਹੇੜਿਆ ਦੁਖਾਂ ਨੂੰ ਫਿਰ ਗਿਲਾ ਕਿਸੇ ਤੇ ਕਾਹਦਾ ਹੈ,
ਜਿਹਦਾ ਨਾ ਕੋਈ ਇਲਾਜ ਲੱਭੇ ਅਸੀਂ ਐਸਾ ਰੋਗ ਲਗਾ ਬੈਠੇ।

ਇਹ ਦਰਦ ਭੀ ਮੇਰੇ ਅਪਣੇ ਨੇ ਪੀੜਾਂ ਭੀ ਯਾਰੋ ਮੇਰੀਆਂ ਨੇ,
ਅਸੀਂ ਭਾਰ ਨਾ ਕਿਸੇ ਅਹਿਸਾਨਾ ਦਾ ਸਿਰ ਆਪਣੇ 'ਤੇ ਚਾ ਬੈਠੇ।

ਅਪਣੇ ਹੀ ਤਪਦੇ ਹੱਡਾਂ ਦਾ ਜਦ ਨਸ਼ਾ ਜਿਹਾ ਸੀ ਆਣ ਲੱਗਾ,
ਆਹਾਂ ਦੀਆਂ ਮਾਰ ਕੇ ਫੂਕਾਂ ਫਿਰ ਅਸੀਂ ਹੋਰ ਇਹਨੂੰ ਭੜਕਾ ਬੈਠੇ।

ਉਹਦੇ ਹੀ ਜਾ ਕੇ ਦਰ ਉਤੇ ਅਸੀਂ ਆਖਰੀ ਹਿਚਕੀ ਲੀਤੀ ਸੀ,
ਉਹਦੇ ਕੋਲੋਂ ਦੂਰ ਰਹਿਣ ਦੀ ਅਸੀਂ ਗੱਲ ਹੀ ਯਾਰ ਮੁਕਾ ਬੈਠੇ।

ਦੂਰ ਰਹੋ ਦੂਰ ਰਹੋ, ਹੁਣ ਕੋਲ ਮੇਰੇ ਕੋਈ ਆਓ ਨਾ,
ਸੇਕ ਨਾ ਕਿਧਰੇ ਲੱਗ ਜਾਏ ਅਸੀਂ ਇਸ਼ਕ ਦੀ ਭੱਠੀ ਤਾਅ ਬੈਠੇ।

ਤੇਰੇ ਕੋਲੋਂ ਰਹਿ ਕੇ ਦੂਰ ਕਦੀ ਦਿਲ ਸਾਡਾ ਜਦੋਂ ਉਦਾਸ ਹੋਇਆ,
ਕਰਕੇ ਤਦ ਯਾਦ 'ਕਿਦਾਰ' ਤੈਨੂੰ ਕੋਈ ਗੀਤ ਵਿਯੋਗ ਦਾ ਗਾ ਬੈਠੇ।

## ਗ਼ਜ਼ਲ

ਤੇਰੇ ਜ਼ਹਿਰ ਨੂੰ ਵੀ ਹੱਸ ਕੇ ਕਬੂਲ ਕਰ ਲਿਆ ਹੈ।
ਅੰਮ੍ਰਿਤ ਸਮਝ ਕੇ ਇਸ ਦਾ ਅਸੀਂ ਘੁਟ ਭਰ ਲਿਆ ਹੈ।

ਬੋਝ ਤੇਰੀ ਜਫਾ ਦਾ ਬੇਸ਼ਕ ਸੀ ਬਹੁਤ ਭਾਰੀ,
ਮੇਰੀ ਵਫਾ ਨੇ ਇਸਨੂੰ ਹੱਸ ਹੱਸ ਕੇ ਜ਼ਰ ਲਿਆ ਹੈ।

ਤੇਰੀ ਬੇਰੁਖੀ ਦਾ ਸਾਨੂੰ ਬੇਸ਼ਕ ਪਤਾ ਸੀ ਫਿਰ ਭੀ,
ਬਿਨਾਂ ਸੋਚੇ ਤੇਰੇ ਦਰ ਤੇ ਅਸੀਂ ਪੈਰ ਧਰ ਲਿਆ ਹੈ।

ਦਰਿਆ ਸੀ ਬਹੁਤ ਗਹਿਰਾ ਤੇਰੇ ਮਿਲਣ ਦੇ ਰਾਹ ਵਿੱਚ,
ਚਾਹਤ ਦੇ ਲੈ ਕੇ ਚੱਪੂ ਅਸੀਂ ਇਸਨੂੰ ਤਰ ਲਿਆ ਹੈ।

ਡਰ ਮੌਤ ਦਾ ਕੀ ਹੁਣ 'ਕਿਦਾਰ' ਸਾਨੂੰ ਹੋਣਾ,
ਅਸੀਂ ਜ਼ਿੰਦਗੀ ਦੇ ਅੰਦਰ ਕਈ ਵਾਰ ਮਰ ਲਿਆ ਹੈ।

## ਨਾ ਹਿੰਦੂ ਬੁਰਾ ਨਾ ਮੁਸਲਮਾਨ

ਨਾ ਹਿੰਦੂ ਹੈ ਬੁਰਾ ਕੋਈ, ਨਾ ਮੁਸਲਮਾਨ ਹੈ ਯਾਰੋ।
ਅਸੀਂ ਇਕੋ ਹੀ ਮਾਲਕ ਦੀ ਬਸ ਸੰਤਾਨ ਹਾਂ ਯਾਰੋ।

ਇੱਕੋ ਰਬ ਹੈ ਸਾਡਾ ਸਾਰੇ ਮਜ਼ਹਬ ਕਹਿੰਦੇ ਨੇ,
ਉਸ ਨੂੰ ਅੱਲਾ, ਵਾਹਿਗੁਰੂ ਤੇ ਭਗਵਾਨ ਕਹਿੰਦੇ ਨੇ।

ਜ਼ਮੀਨਾਂ ਵੰਡੀਆਂ ਅਸੀਂ ਤੇ ਕਾਰੋਬਾਰ ਵੰਡੇ ਨੇ,
ਸਾਂਝਾਂ ਤੋੜ ਕੇ ਭਾਈਆਂ ਨੇ ਘਰ ਬਾਰ ਵੰਡੇ ਨੇ।

ਰਬ ਵੀ ਵੰਡ ਦਿੱਤਾ ਹੈ ਇਸ ਸ਼ੈਤਾਨ ਨੇ ਯਾਰੋ,
ਕੀ ਕੁਝ ਨਹੀਂ ਕੀਤਾ ਹੈ ਇਸ ਇਨਸਾਨ ਨੇ ਯਾਰੋ।

ਕਿਸੇ ਮਸਜਦ ਤੋਂ ਬਾਹਰ ਰੱਬ ਨੂੰ ਨਹੀਂ ਜਾਣ ਦਿੱਤਾ ਹੈ,
ਕਿਸੇ ਨੇ ਮੰਦਰ ਦੇ ਵਿਚ ਦੂਜਾ ਕੋਈ ਨਹੀਂ ਆਣ ਦਿੱਤਾ ਹੈ।

ਇਕ ਗੁਲਾਬ ਦਾ ਬੂਟਾ ਕਿਸੇ ਵੀ ਥਾਂ ਤੇ ਲਗੇ,
ਉਹ ਹਿੰਦੂ ਦੇ ਘਰ ਲੱਗੇ ਜਾਂ ਮੁਸਲਮਾਨ ਦੇ ਲੱਗੇ।

ਨਾ ਉਹਦੀ ਖੁਸ਼ਬੂ ਦੇ ਵਿਚ ਕੋਈ ਫ਼ਰਕ ਆਉਂਦਾ ਹੈ,
ਨਾ ਉਹੋ ਆਪਣੀ ਕੋਈ ਭੀ ਰੰਗਤ ਵਟਾਉਂਦਾ ਹੈ।

ਸੂਰਜ ਦਾ ਪ੍ਰਕਾਸ਼ ਭੀ ਸਭ ਤੇ ਸਾਂਝਾ ਆਉਂਦਾ ਹੈ,
ਕਿਸੇ ਤੇ ਵੱਧ ਨਾ ਉਹ ਕਿਸੇ ਤੇ ਘੱਟ ਪਾਉਂਦਾ ਹੈ।

ਚੰਨ ਦੀ ਚਾਨਣੀ ਨੇ ਭੀ ਨਹੀਂ ਕੋਈ ਫਰਕ ਕੀਤਾ ਹੈ,
ਹਰ ਇੱਕ ਮਜ਼ਹਬ ਨੂੰ ਕਿਰਨਾਂ ਨਾਲ ਨੂਰੋ ਨੂਰ ਕੀਤਾ ਹੈ।

ਇੱਕੋ ਹੀ ਤਰੀਕੇ ਨਾਲ ਇਸ ਦੁਨੀਆਂ ਤੇ ਆਉਨੇ ਹਾਂ,
ਇੱਕੋ ਹੀ ਤਰੀਕੇ ਨਾਲ ਮਾਲਕ ਦੇ ਪਾਸ ਜਾਂਦੇ ਹਾਂ।

ਰੱਬ ਨੂੰ ਤੇ ਹਰ ਇੱਕ ਬੰਦਾ ਪਿਆਰਾ ਹੈ,
ਹਰ ਇੱਕ ਆਦਮੀ ਨੂੰ ਬਸ ਉਸ ਦਾ ਸਹਾਰਾ ਹੈ।

ਜਦੋਂ ਰਹਿਮਤ ਹੋਈ ਉਸ ਦੀ ਤੇ ਸਭ ਤੇ ਹੋਈ ਹੈ,
ਉਹਦੇ ਕਹਿਰ ਤੋਂ ਭੀ ਬਚ ਸਕਿਆ ਨਾ ਕੋਈ ਹੈ।

ਸਭ ਦੇ ਦਿਲ ਦੀ ਧੜਕਨ ਦੀ ਇਕੋ ਚਾਲ ਹੈ ਯਾਰੋ,
ਸਭ ਦੇ ਖ਼ੂਨ ਦਾ ਰੰਗ ਭੀ ਲਾਲ ਹੈ ਯਾਰੋ।

ਇਕੋ ਨਸਲ ਹੈ ਸਾਡੀ ਤੇ ਇਕੋ ਜਾਨ ਹੈ ਯਾਰੋ,
ਇਕ ਦੂਜੇ ਦਾ ਦੁਸ਼ਮਨ ਫਿਰ ਕਿਉਂ ਇਨਸਾਨ ਹੈ ਯਾਰੋ।

ਜਦੋਂ ਜੰਮਦਾ ਬੱਚਾ ਬਸ ਇੱਕ ਇਨਸਾਨ ਹੁੰਦਾ ਹੈ,
ਕਿਸੇ ਨਾ ਮਜ਼ਹਬ ਦਾ ਉਸ ਤੇ ਕੋਈ ਨਿਸ਼ਾਨ ਹੁੰਦਾ ਹੈ।

ਆਪਣੇ ਮਜ਼ਹਬ ਦੀ ਫਿਰ ਉਸਦੇ ਉਤੇ ਮੋਹਰ ਲਾਉਨੇ ਹਾਂ,
ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਬਣਾਉਂਦੇ ਹਾਂ।

ਦੂਜੇ ਮਜ਼ਹਬ ਨਾਲ ਨਫ਼ਰਤ ਕਰਨੀ ਸਿਖਾਉਂਦੇ ਹਾਂ,
ਫਿਰਕੇ ਪਰਸਤੀ ਦਾ ਸਬਕ ਉਸ ਨੂੰ ਪੜ੍ਹਾਉਂਦੇ ਹਾਂ।

ਮੈਂ ਤੇ ਇਹ ਨਹੀਂ ਕਹਿੰਦਾ ਕਿ ਆਪਣੇ ਧਰਮ ਨੂੰ ਛੱਡੋ,
ਮੈਂ ਤੇ ਇਹ ਭੀ ਨਹੀਂ ਕਹਿੰਦਾ ਕਿ ਆਪਣੇ ਭਰਮ ਨੂੰ ਛੱਡੋ।

ਪਰ ਦੂਜੇ ਮਜ਼ਹਬ ਦਾ ਭੀ ਤੁਸੀਂ ਇਤਰਾਮ ਕਰਨਾ ਹੈ,
ਉਹਦੇ ਵਾਸਤੇ ਨਫਰਤ ਦਾ ਨਹੀਂ ਜ਼ਹਿਰ ਭਰਨਾ ਹੈ।

ਦੁਨੀਆਂ ਵਿੱਚ ਬਸ ਉਹ ਹੀ ਇਨਸਾਨ ਉੱਚਾ ਹੈ,
ਉਹਦਾ ਹੀ ਮਜ਼ਹਬ ਉੱਚਾ ਹੈ ਉਹਦਾ ਹੀ ਮਜ਼ਹਬ ਸੁੱਚਾ ਹੈ।

ਜੋ ਦੂਜੇ ਦੇ ਮਜ਼ਹਬ ਨੂੰ ਭੀ ਪਿਆਰ ਕਰਦਾ ਹੈ,
ਜੋ ਦੂਜੇ ਦੇ ਮਜ਼ਹਬ ਤੇ ਨਹੀਂ ਕੋਈ ਵਾਰ ਕਰਦਾ ਹੈ।

ਉਸ ਮਜ਼ਹਬ ਨੂੰ 'ਕਿਦਾਰ' ਨਮਸ਼ਕਾਰ ਕਰਦਾ ਹੈ,
ਉਹਦੀ ਚੋਖਟ ਤੇ ਸਜਦਾ ਉਹ ਬਾਰੰਬਾਰ ਕਰਦਾ ਹੈ।

## ਗ਼ਜ਼ਲ

ਲੋਈ ਪਿਆਰ ਦੀ ਮੇਰੇ ਲਈ ਸੀ ਰੇਸ਼ਮ ਦਾ ਪਟ।
ਓੜ ਕੇ ਪਿੰਡੇ ਉਤੇ ਮੈਂ ਬੁੱਕਲ ਮਾਰ ਲਈ ਝੱਟ।

ਧਾਗਾ ਕੋਈ ਸੱਧਰਾਂ ਦਾ ਉਧੜ ਨਾ ਜਾਏ ਇਹਦਾ,
ਦੋਵੇਂ ਜੋੜ ਕੇ ਹੱਥ ਇਹਦੇ ਬੰਬਲ ਲਏ ਸੀ ਵੱਟ।

ਜ਼ਿੰਦਗੀ ਵਿੱਚ ਗਰਦਸ਼ ਦੇ ਦਿਨ ਜਦ ਭੀ ਆਏ,
ਤੁਹਾਡੇ ਵਰਗੇ ਦੋਸਤਾਂ ਦੇ ਲਏ ਸਹਾਰੇ ਕੱਟ।

ਜ਼ਿੰਦਗੀ ਦੇ ਪੇਚ ਭਲਾ ਇਹ ਕਿਦਾਂ ਮੈਥੋਂ ਖੁੱਲ੍ਹਦੇ,
ਸਾਰੀ ਉਮਰ ਨਾ ਜਿਸਦੀ ਸੁਲਝਾਈ ਗਈ ਸੀ ਲਟ।

ਭਰ ਭਰ ਕੇ ਜਾਮ ਅਸੀਂ ਹੁਣ ਦਿਨੇ ਰਾਤ ਹਾਂ ਪੀਂਦੇ,
ਤੁਹਾਡੇ ਪਿਆਰ ਦੀ ਮਦਿਰਾ ਦਾ ਭਰ ਕੇ ਰੱਖਿਆ ਮਟ।

ਤੇਰੀ ਖੁਸ਼ੀ ਨੂੰ ਆਪਣੀ ਖੁਸ਼ੀ ਸੀ ਲਿਆ ਬਣਾ.
ਦੋਸਤੀ ਵਿੱਚ ਤੇ ਦੋਸਤਾ ਅਸੀਂ ਕੀਤੀ ਕਦੀ ਨਾ ਹਟ।

ਰਖ ਭਰੋਸਾ ਰੱਬ ਤੇ ਹੋ ਨਾ ਤੂੰ ਦਿਲਗੀਰ,
ਦੀਮਕ ਚਿੰਤਾ ਫਿਕਰ ਦਾ ਜਾਏ ਬੰਦੇ ਨੂੰ ਚੱਟ।

ਮਾਣ ਤਾਣ ਸਭ ਟੁੱਟ ਜਾਂਦਾ ਤੇ ਟੁੱਟ ਜਾਂਦਾ ਹੈ ਲੱਕ,
ਅਪਣੇ ਕਿਸੇ ਅਜ਼ੀਜ਼ ਦੀ ਜਦ ਲੱਗ ਜਾਂਦੀ ਹੈ ਸੱਟ।

ਇੱਕ ਦਿਨ ਛੱਡਕੇ ਤੁਰ ਜਾਣਾ ਕੁੱਝ ਨਹੀਂ ਜਾਣਾ ਨਾਲ,
ਮੇਰੀ ਮੇਰੀ ਦੀ ਐਵੇਂ ਤੂੰ ਲਾਈ ਹੋਈ ਹੈ ਰਟ।

ਸਦਾ ਨਹੀਂ ਇਸ ਜੱਗ ਤੇ ਰਹਿਣਾ ਕਿਸੇ 'ਕਿਦਾਰ'
ਕਰ ਕੇ ਕੰਮ ਭਲੇ ਦੇ ਕੁਝ ਨੇਕੀ ਲੈ ਤੂੰ ਖੱਟ।

## ਗ਼ਜ਼ਲ

ਪਹਿਲੇ ਬਿਠਾਇਆ ਅੱਖਾਂ ਤੇ ਫਿਰ ਦਿਲ ਵਿੱਚ ਦਿੱਤੀ ਥਾਂ।
ਇਸ ਤੋਂ ਹੋਰ ਜ਼ਿਆਦਾ ਕੀ ਹੋਣਾ ਸੀ ਮੇਰੀ ਜਾਂ।

ਤਪਦੇ ਦੇਸ਼ ਦਾ ਵਾਸੀ ਜਦ ਆਇਆ ਤੁਹਾਡੇ ਕੋਲ,
ਕੋਲ ਬਿਠਾ ਕੇ ਤੁਸਾਂ ਨੇ ਪਿਆਰ ਦੀ ਕੀਤੀ ਛਾਂ।

ਗਦ ਗਦ ਖੁਸ਼ੀ ਨਾਲ ਹੋਇਆ ਪਾਕੇ ਪਿਆਰ ਤੁਹਾਡਾ,
ਮੈਂ ਭੀ ਕਿਸਮਤ ਵਾਲਾ ਯਾਰੋ ਬਣ ਗਿਆ ਵਿੱਚ ਜਹਾਂ।

ਜ਼ਰੇ ਨੂੰ ਤੁਸਾਂ ਨੇ ਮਿਲਕੇ ਸੂਰਜ ਹੈ ਬਣਾਇਆ,
ਲਿਖ ਲਿਖ ਕੇ ਕਵਿਤਾ ਯਾਰੋ ਤੁਸਾਂ ਨੇ ਮੇਰੇ ਨਾਂ।

ਧੀ ਦੇ ਦੁੱਖ ਦਾ ਹੜ ਅਚਾਨਕ ਜ਼ਿੰਦਗੀ ਦੇ ਵਿੱਚ ਆਇਆ,
ਗ਼ਮ ਵਿੱਚ ਰੁੜਦੇ ਜਾਂਦੇ ਦੀ ਫੜ ਲਈ ਤੁਸਾਂ ਨੇ ਬਾਂਹ।

ਤੁਸਾਂ ਦੇ ਨਾਲ ਹੁਣ ਏਨਾ ਘੁਲ ਮਿਲ ਗਿਆ 'ਕਿਦਾਰ'
ਦਿਲ ਵਿੱਚ ਪੈਂਦਾ ਹੌਲ ਮੇਰੇ ਜਦ ਜਾਣ ਦਾ ਲੈਨਾਂ ਨਾਂ।

## ਰਬ ਦਾ ਘਰ

ਚਰਚ ਦੀ ਬੇਸ਼ਕ ਮਸਜਿਦ ਬਣ ਜਾਏ
ਜਾਂ ਬਣ ਜਾਏ ਗੁਰਦੁਆਰਾ।
ਕੋਈ ਫ਼ਰਕ ਨਹੀਂ ਪੈਂਦਾ ਯਾਰੋ
ਜਾ ਬਣ ਜਾਏ ਠਾਕਰ ਦੁਆਰਾ

ਉਹ ਵੀ ਰਬ ਦਾ ਘਰ ਹੈ
ਇਹ ਵੀ ਰਬ ਦਾ ਘਰ ਹੈ।
ਅਕੀਦਤ ਨਾਲ ਝੁਕਦਾ ਸਿਰ ਜਿਥੇ
ਉਹ ਹੀ ਪ੍ਰਭੂ ਦਾ ਦਰ ਹੈ।

ਪਰ ਸਾਡੇ ਤੇ ਮਜ਼ਹਬ ਨੇ ਯਾਰੋ
ਵਖਰਾ ਰਬ ਬਣਾਇਆ।
ਕਿਸੇ ਦੇ ਰਬ ਨੇ ਦੂਜੇ ਦੇ ਘਰ
ਪੈਰ ਨਹੀਂ ਹੈ ਪਾਇਆ।

ਰਬ ਨਹੀਂ ਕਿਸੇ ਦਾ ਵਖਰਾ ਹੈਗਾ
ਰਬ ਹੈ ਯਾਰੋ ਇੱਕੋ।
ਕਿਉਂ ਆਪਸ ਵਿਚ ਲੜਦੇ ਰਹਿੰਦੇ
ਸਬਕ ਪਿਆਰ ਦਾ ਸਿੱਖੋ।

ਇਕ ਦੂਜੇ ਤੋਂ ਨਫਰਤ ਕਰਦੇ
ਕਿਉਂ ਨਹੀਂ ਰਲ ਕੇ ਬਹਿੰਦੇ।
ਭੁੱਲ ਗਏ ਗੁਰਾਂ ਦੀ ਬਾਣੀ
ਜੋ ਸੀ ਉਹ ਕਹਿੰਦੇ।

ਅਵਲ ਅੱਲਾ ਨੂਰ ਉਪਾਇਆ
ਕੁਦਰਤ ਦੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ
ਕੌਣ ਭਲੇ ਕੌਣ ਮੰਦੇ।

ਹਿੰਦੂ ਹੈ ਜਾਂ ਸਿਖ ਇਸਾਈ
ਜਾਂ ਮੁਸਲਮਾਨ ਹੈ ਕੋਈ।
ਬੱਚੇ ਉਤੇ ਕਿਸੇ ਮਜ਼ਹਬ ਦਾ
ਮਿਲੇ ਨਿਸ਼ਾਨ ਨਾ ਕੋਈ।

ਇਕੋ ਜਾਨ ਹੈ ਸਭ ਵਿਚ ਯਾਰੋ
ਇਕੋ ਰੂਹ ਵਿਚ ਆਉਂਦੇ।
ਆਪਣੇ-ਆਪਣੇ ਮਜ਼ਹਬ ਦੀ ਯਾਰੋ
ਮੋਹਰ ਅਸੀਂ ਹਾਂ ਲਾਉਂਦੇ।

ਇਨਸਾਨੀਅਤ ਜਾਤ ਹੈ ਸਾਡੀ
ਮਜ਼ਹਬ ਹੈ ਸਾਡਾ ਪਿਆਰ।
ਇਹੋ ਸਚ ਹੈ ਦੁਨੀਆ ਉਤੇ
ਸਮਝ ਲੈ ਮੇਰੇ ਯਾਰ।

ਇਥੇ ਕਿਸੇ ਨਹੀਂ ਬੈਠੇ ਰਹਿਣਾ
ਮਰਨਾ ਹੈ ਆਖ਼ਰਕਾਰ।
ਜਾਨ ਤੂੰ ਜੇਕਰ ਦੇ ਨਹੀਂ ਸਕਦਾ
ਲੈਣ ਦਾ ਨਹੀਂ ਹਕਦਾਰ।

ਗੀਤਾ ਕੁਰਾਨ ਜਾਂ ਬਾਈਬਲ ਫਿਰ
ਜਾਂ ਪੜ੍ਹੋ ਗੁਰਾਂ ਦੀ ਬਾਣੀ
'ਕਿਦਾਰ' ਕਿਤੇ ਨਹੀਂ ਲਿਖਿਆ ਹੈਗਾ
ਬੰਦੇ ਦੀ ਜਾਨ ਲੈਣੀ।

# ਦੀਵਾਲੀ

ਲੋੜ ਹੈ ਫਿਰ ਹਨੂੰਮਾਨ ਦੀ ਅੱਜ
ਜੋ ਪਾਪ ਦੀ ਲੰਕਾ ਸਾੜ ਦੇਵੇ।
ਅੱਜ ਉਠੇ ਫਿਰ ਸੁਗਰੀਵ ਕੋਈ
ਬਾਲੀ ਦਾ ਤੋੜ ਹੰਕਾਰ ਦੇਵੇ।

ਵਧ ਕਰਕੇ ਫੁਟ ਦੀ ਤਾੜਕਾ ਦਾ
ਉਹਨੂੰ ਪੈਰਾਂ ਹੇਠ ਲਤਾੜ ਦੇਵੇ।
ਅਜ ਬਣਕੇ ਲਛਮਣ ਵੀਰ ਕੋਈ
ਮੇਘਨਾਥ ਨੂੰ ਯਾਰੋ ਮਾਰ ਦੇਵੇ।

ਅਜ ਲੋੜ ਹੈ ਫਿਰ ਇਸ ਧਰਤੀ ਨੂੰ
ਲੈ ਕੇ ਅਵਤਾਰ ਸ੍ਰੀਰਾਮ ਆਏ।
ਰਾਖ਼ਸ਼ ਜੋ ਲੋਕੀ ਬਣ ਗਏ ਨੇ
ਕਰਨ ਉਨ੍ਹਾਂ ਦਾ ਕੰਮ ਤਮਾਮ ਆਏ।

ਅਜ ਅਮਨ ਦੀ ਸੀਤਾ ਨੂੰ ਭਾਈਓ
ਜਾਲਮਾਂ ਕੋਲੋਂ ਬਚਾਉਣਾ ਹੈ।
ਵਧ ਕਰਕੇ ਪਾਪੀ ਰਾਵਣ ਦਾ
ਅਸੀਂ ਰਾਮ ਰਾਜ ਬਨਾਉਣਾ ਹੈ।

ਖੁਸ਼ੀਆਂ ਦੇ ਦੀਪ ਜਲਣਗੇ ਫਿਰ
ਹਰ ਪ੍ਰਾਣੀ ਮੰਗਲ ਗਾਏਗਾ
ਇਸ ਦੀਵਾਲੀ ਦਾ ਦੇਖੋ
ਫਿਰ ਰੂਪ ਬਦਲ ਹੀ ਜਾਏਗਾ।

ਸਭ ਇਕੱਠੇ ਹੋ ਕੇ ਏਕਤਾ ਦਾ
ਇਕ ਦੀਪ ਜਲਾਇਆ ਜਾਏਗਾ।
ਇਨਸਾਨ ਨੂੰ ਫਿਰ ਇਨਸਾਨੀਅਤ ਦਾ
ਸਬਕ ਸਿਖਾਇਆ ਜਾਏਗਾ।

ਸਭ ਧਰਮਾਂ ਦਾ ਫਿਰ ਸਾਂਝਾ
ਚਮੁਖੀਆ ਦੀਵਾ ਜਗੇਗਾ।
ਉਹਦੀ ਸ਼ਾਨ ਹੀ ਵਖਰੀ ਹੋਵੇਗੀ
ਉਹ ਕਿੰਨਾ ਸੋਹਣਾ ਲਗੇਗਾ।

ਨਫਰਤ ਦੀ ਜੋ ਦੀਵਾਰ ਖੜੀ
ਅਜ ਉਸ ਨੂੰ ਯਾਰੋ ਢਾਹ ਦੇਣਾ।
ਇਹ ਚਮੁਖੀਆ ਦੀਵਾ ਫਿਰ ਭਾਈਓ
ਉਹਦੀ ਮੜੀ ਦੇ ਉਤੇ ਟਿਕਾ ਦੇਣਾ।

ਜੋ ਬੈਠਾ ਗਰੀਬ ਹਨੇਰੇ ਵਿਚ
ਬਾਂਹ ਫੜਕੇ ਨਾਲ ਮਿਲਾਵਾਂਗੇ।
ਫਿਰ ਵੱਡੇ ਛੋਟੇ ਹੋ ਕੇ ਇਕੱਠੇ
ਅਸੀਂ ਦੀਪ ਨਾਲ ਦੀਪ ਜਲਾਵਾਂਗੇ।

ਡਰ ਨਾ ਖ਼ੌਫ਼ ਕਿਸੇ ਨੂੰ ਫਿਰ
ਕਿਸੇ ਨੂੰ ਕਿਸੇ ਤੋਂ ਹੋਵੇਗਾ।
ਹਰ ਪ੍ਰਾਣੀ ਚੈਨ ਦੇ ਨਾਲ ਯਾਰੋ
ਫਿਰ ਸੁਖ ਦੀ ਨੀਂਦਰ ਸੌਂਵੇਗਾ।

ਹਿੰਦੂ ਮੁਸਲਿਮ ਸਿਖ ਇਸਾਈ
ਸਭ ਨੂੰ ਨਾਲ ਮਿਲਾਵਾਂਗੇ।
ਇਸ ਦੀਵਾਲੀ ਨੂੰ ਭਾਈਉ
ਅਸੀਂ ਦੀਪ ਨਾਲ ਦੀਪ ਜਲਾਵਾਂਗੇ।

ਅਮਨ ਦਾ ਪਾਕੇ ਤੇਲ ਅਸੀਂ
ਹੁਣ ਸਾਂਝਾ ਦੀਪ ਜਲਾਣਾ ਹੈ।
ਹਨੇਰਾ ਜੋ ਛਾਇਆ ਨਫ਼ਰਤ ਦਾ
ਅਸੀਂ ਉਸਨੂੰ ਦੂਰ ਹਟਾਣਾ ਹੈ।

ਦੱਸੇ ਜੋ ਅਮਨ ਦਾ ਰਾਹ ਸਾਨੂੰ
ਅਸੀਂ ਐਸੀ ਜੋਤ ਜਗਾਣੀ ਹੈ।
'ਕਿਦਾਰ' ਇਸ ਦੀਵਾਲੀ ਤੇ
ਅਸੀਂ ਸਾਂਝ ਪਿਆਰ ਦੀ ਪਾਣੀ ਹੈ।

## ਜ਼ਿੰਦਗੀ ਕੀ ਹੈ

ਜ਼ਿੰਦਗੀ ਫੁੱਲ ਹੈ ਜਾਂ ਇਕ ਜੁਸਤਜੂ ਹੈ
ਜੋ ਕੰਡਿਆਂ 'ਚ ਰਹਿ ਕੇ ਵੰਡਦੀ ਖ਼ੁਸ਼ਬੂ ਹੈ।

ਜ਼ਿੰਦਗੀ ਕੀ ਹੈ ਬਸ ਇਕ ਪੜ੍ਹਾ ਹੈ
ਜਿਥੇ ਜ਼ਰਾ ਠਹਿਰ ਕੇ ਪਾਂਧੀ ਫੜਦਾ ਰਾਹ ਹੈ।

ਜ਼ਿੰਦਗੀ ਕੀ ਹੈ ਬੰਸਰੀ ਦੀ ਤਾਨ ਹੈ
ਫੂਕ ਮਾਰੋ ਵਜਦੀ ਨਹੀਂ ਤਾਂ ਬੇਜਾਨ ਹੈ।

ਜ਼ਿੰਦਗੀ ਕੀ ਹੈ ਬਸ ਇਕ ਖ਼ੁਆਬ ਹੈ
ਅੱਖ ਖੁਲ ਗਈ ਤੇ ਦੇ ਗਿਆ ਜਵਾਬ ਹੈ।

ਜ਼ਿੰਦਗੀ ਕੀ ਹੈ ਇਕ ਚਿੰਗਾੜੀ ਹੈ ਅੱਗ ਦੀ
ਚਮਕ ਕੇ ਇਕ ਦਮ ਭੁਬਲ ਜਿਹੀ ਹੋ ਲਗਦੀ।

ਜ਼ਿੰਦਗੀ ਕੀ ਹੈ ਬਸ ਇਕ ਰੇਲ ਹੈ
ਵਿਛੜ ਜਾਂਦੇ ਸਭ ਬਸ ਦੋ ਘੜੀ ਦਾ ਮੇਲ ਹੈ।

ਜ਼ਿੰਦਗੀ ਕੀ ਹੈ ਦੀਵੇ ਦੀ ਇਕ ਲੋਅ ਹੈ
ਤੇਲ ਹੋਇਆ ਖ਼ਤਮ ਤੇ ਆਪੇ ਜਾਂਦਾ ਹੋ ਹੈ।

ਜ਼ਿੰਦਗੀ ਕੀ ਹੈ ਇਕ ਉਠਦਾ ਤੂਫ਼ਾਨ ਹੈ
ਥੋੜ੍ਹੀ ਦੇਰ ਬਾਅਦ ਜਿਹਦਾ ਨਾ ਕੋਈ ਨਿਸ਼ਾਨ ਹੈ।

ਜ਼ਿੰਦਗੀ ਕੀ ਹੈ ਇਕ ਬੁਲਬਲੇ ਸਮਾਨ ਹੈ
ਪਾਣੀ ਵਿਚੋਂ ਨਿਕਲ ਕੇ ਪਾਣੀ 'ਚ ਮਿਲਿਆ ਆਣ ਹੈ।

ਜ਼ਿੰਦਗੀ ਕੀ ਹੈ ਇਕ ਮਿੱਠੀ ਜੇਲ੍ਹ ਹੈ
ਉਦੋਂ ਹੀ ਛੁੱਟਦਾ ਆਦਮੀ ਜਦ ਮੁਕ ਜਾਂਦਾ ਖੇਲ ਹੈ।

ਜ਼ਿੰਦਗੀ ਕੀ ਹੈ ਮੌਤ ਦੀ ਭੈਣ ਹੈ
ਥੋੜ੍ਹੀ ਦੇਰ ਬਾਅਦ ਉਹਨੂੰ ਆ ਜਾਂਦੀ ਲੈਣ ਹੈ।

ਜ਼ਿੰਦਗੀ ਕੀ ਹੈ ਬਸ ਇਕ ਸਰਾਂ ਹੈ
ਸਵੇਰ ਹੁੰਦਿਆਂ ਆਦਮੀ ਫੜ ਲੈਂਦਾ ਰਾਹ ਹੈ।

ਜ਼ਿੰਦਗੀ ਦਾ ਫਲਸਫਾ ਜਿਸ ਸਮਝਿਆ ਕਿਦਾਰ ਹੈ
ਫਿਰ ਉਹ ਇਨਸਾਨ ਸਭ ਮੁਸ਼ਕਲਾਂ ਨੂੰ ਪਾਰ ਹੈ।

## ਗ਼ਜ਼ਲ

ਵਕਤ ਨਾਲ ਜੇ ਬਦਲਿਆ ਚਲਿਆ ਜ਼ਮਾਨੇ ਨਾਲ ਹੈ।
ਪਾ ਲਿਆ ਮੁਸ਼ਕਲ ਤੇ ਕਾਬੂ ਖੁਸ਼ ਰਿਹਾ ਹਰ ਹਾਲ ਹੈ।

ਆਪਣੇ ਦਿਲ ਦਾ ਰਿਸ਼ਤਾ ਦਰਦਾਂ ਨਾਲ ਜਿਨੇ ਜੋੜਿਆ
ਹਰ ਦੁਖੀ ਦਿਲ ਦੀ ਯਾਰੋ ਬਣ ਗਿਆ ਓ ਢਾਲ ਹੈ।

ਜ਼ਿੰਦਗੀ ਵਿਚ ਆਦਮੀ ਜੋ ਜੋੜਦਾ ਹੀ ਮਰ ਗਿਆ।
ਪੈਸੇ ਹੁੰਦੇ ਸੁੰਦਿਆਂ ਵੀ ਉਹ ਰਿਹਾ ਕੰਗਾਲ ਹੈ।

ਲੋੜ ਤੋਂ ਵੱਧ ਜੋ ਤਾਰੀਫ ਤੇਰੀ ਕਰ ਗਿਆ।
ਇਸ ਵਿਚ ਵੀ ਲਗਦਾ ਏ ਉਸਦੀ ਹੋਣੀ ਚਾਲ ਹੈ।

ਦੂਰ ਤੈਥੋਂ ਰਹਿ ਕੇ ਸਾਡਾ ਵਕਤ ਇਦਾਂ ਗੁਜਰਿਆ,
ਇਕ-ਇਕ ਦਿਨ ਲਗੇ ਜਿਵੇਂ ਇਕ-ਇਕ ਸਾਲ ਹੈ।

ਕਿਸੇ ਦੇ ਭਲੇ ਲਈ ਜੋ ਕੋਈ ਹੈ ਸੋਚਦਾ,
ਐਸੇ ਆਦਮੀ ਦਾ ਅੱਜ ਮਿਲਣਾ ਮੁਹਾਲ ਹੈ।

ਪਿਆਰ ਦੀ ਦੌਲਤ ਜਿਸਨੂੰ ਯਾਰੋ ਮਿਲ ਗਈ,
'ਕਿਦਾਰ' ਦੁਨੀਆਂ ਵਿਚ ਉਹ ਹੀ ਮਾਲਾਮਾਲ ਹੈ।

## ਗ਼ਜ਼ਲ

ਨਫ਼ਰਤ ਦਾ ਜ਼ਹਿਰ ਜੋ ਦਿਲ 'ਚ ਸੀ ਭਰਦਾ ਰਿਹਾ।
ਮੈਂ ਦੁਆਵਾਂ ਉਹਦੀਆਂ ਦਿਨ ਰਾਤ ਹੀ ਕਰਦਾ ਰਿਹਾ।

ਉਸਨੂੰ ਤੇ ਆਪਣੀ ਕਿਸਮਤ ਤੇ ਬੜਾ ਨਾਜ਼ ਹੈ,
ਮੈਂ ਤੇ ਜਿੱਤੀ ਹੋਈ ਬਾਜ਼ੀ ਜਾਣ ਕੇ ਹਰਦਾ ਰਿਹਾ।

ਮੇਰੀ ਬਰਬਾਦੀ ਦਾ ਕਾਰਣ ਬੇਸ਼ਕ ਉਹ ਰਿਹਾ,
ਫਿਰ ਵੀ ਇਲਜ਼ਾਮ ਆਪਣੇ ਸਿਰ ਤੇ ਧਰਦਾ ਰਿਹਾ।

ਮੇਰੇ ਅਰਮਾਨਾਂ ਦਾ ਖ਼ੂਨ ਉਹ ਹੀ ਕਰਦਾ ਰਿਹਾ,
ਜਿਹਦੇ ਪਿੱਛੇ ਮੈਂ ਸਾਰੀ ਉਮਰ ਸੀ ਮਰਦਾ ਰਿਹਾ।

ਹੁਣ ਤੇ ਐਸਾ ਹਾਲ ਹੋਇਆ ਦੋਸਤੋ 'ਕਿਦਾਰ' ਦਾ,
ਠੁਕਰਾਇਆ ਹੋਇਆ ਦਰ ਤੋਂ ਨਾ ਕਿਸੇ ਦਰ ਦਾ ਰਿਹਾ।

# ਧੀ ਰਾਣੀ

ਕੋਲ ਮੇਰੇ ਜਦ ਕੋਈ ਨਹੀਂ ਹੋਵੇ ਮੈਂ ਹੁੰਦਾ ਹਾਂ ਇਕੱਲਾ।
ਧੀ ਆਪਣੀ ਦੇ ਨਾਲ ਉਦੋਂ ਮੈਂ ਕਰਨ ਹਾਂ ਲਗਦਾਂ ਗੱਲਾਂ।

ਅੱਖਾਂ ਸਾਹਮਣੇ ਆਣ ਖਲੋਵੇ ਉਸਦਾ ਹਸਦਾ ਚਿਹਰਾ
ਮੈਂ ਤੇ ਤੇਰੇ ਕੋਲ ਹਾਂ ਭਾਪਾ ਤੂੰ ਨਹੀਂ ਕਲਮ-ਕੱਲਾ।

ਤੇਰੀ ਯਾਦ ਵਿਚ ਬੈਠਾ ਧੀਏ ਹੰਝੂ ਪਿਆ ਵਹਾਵਾਂ
ਕੋਈ ਆਖੇ ਪਾਗਲ ਮੈਨੂੰ ਕੋਈ ਆਖਦਾ ਝੱਲਾ।

ਭੁੱਲ ਜਾਣਗੇ ਬੇਸ਼ਕ ਸਾਰੇ ਮੈਂ ਨਹੀਂ ਭੁਲਣ ਲੱਗਾ
ਯਾਦ ਆਉਂਦੀ ਹੈ ਦਿਲ ਵਿਚ ਉਹਦੀ ਜਿਉਂ ਸਾਗਰ ਦੀਆਂ ਛੱਲਾਂ।

ਕਿੰਨਾ ਸੋਹਣਾ ਧੀ ਮੇਰੀ ਨੂੰ ਰੂਪ ਸੀ ਰਬ ਨੇ ਦਿੱਤਾ
ਚਿਹਰਾ ਉਹਦਾ ਖਿੜਿਆ ਰਹਿੰਦਾ ਵਾਂਗ ਗੁਲਾਬ ਦੇ ਫੁੱਲਾਂ।

ਕਿੱਥੇ ਜਾ ਕੇ ਬੈਠ ਗਈ ਹੈ ਦਸ ਤੂੰ ਮੈਨੂੰ ਧੀਏ।
ਤੈਨੂੰ ਦਸ ਸੁਨੇਹਾ ਧੀਏ ਕਿਸ ਥਾਂ ਉਤੇ ਘੱਲਾਂ।

## ਗ਼ਜ਼ਲ

ਗਲਤੀਆਂ ਤੇ ਗਲਤੀਆਂ ਯਾਰੋ ਅਸੀਂ ਕਰਦੇ ਰਹੇ।
ਤਾਹੀਓਂ ਤੇ ਮੁਸ਼ਕਲਾਂ ਨੂੰ ਸਿਰ ਤੇ ਸੀ ਜਰਦੇ ਰਹੇ।

ਜਿਹਨੇ ਬੁਲਾਇਆ ਹਸ ਕੇ ਉਹਨੂੰ ਆਪਣਾ ਹੀ ਸਮਝਿਆ,
ਤਾਹੀਓਂ ਤੇ ਉਮਰ ਭਰ ਸਿਸਕੀਆਂ ਭਰਦੇ ਰਹੇ।

ਹਰ ਚਮਕਦੀ ਚੀਜ਼ ਨੂੰ ਸੋਨਾ ਅਸੀਂ ਤੇ ਸਮਝਿਆ,
ਬਾਹਰਲੀ ਹੀ ਸ਼ਾਨੋ ਸ਼ੌਕਤ ਤੇ ਅਸੀਂ ਮਰਦੇ ਰਹੇ।

ਸਭ ਕੁਝ ਛਡ ਕੇ ਅਸੀਂ ਤੇਰੇ ਦਰ ਤੇ ਆ ਗਏ,
ਠੁਕਰਾਏ ਹੋਏ ਤੇਰੇ ਦਰ ਦੇ ਨਾ ਕਿਸੇ ਦਰ ਦੇ ਰਹੇ।

ਤੇਰੇ ਉਦਾਸੀ ਦਾ ਕਾਰਨ ਨਾ ਬਣ ਜਾਏ ਇਹ 'ਕਿਦਾਰ'
ਜਿੱਤੀ ਹੋਈ ਬਾਜ਼ੀ ਅਸੀਂ ਜਾਣਕੇ ਹਰਦੇ ਰਹੇ।

## ਗ਼ਜ਼ਲ

ਅਸੀਂ ਤਾਂ ਉਹ ਫੁੱਲ ਹਾਂ ਜਿੰਨਾਂ ਜਖ਼ਮ ਹਜ਼ਾਰਾਂ ਖਾਏ।
ਕੰਡਿਆਂ ਦੇ ਵਿਚ ਰਹਿਕੇ ਵੀ ਹਰ ਵੇਲੇ ਮੁਸਕਾਏ।

ਸਾਡੇ ਹਸਦੇ ਚਿਹਰੇ ਤੋਂ ਨਾ ਗਲਤ ਅੰਦਾਜ਼ਾ ਲਾਉ,
ਦੁਨੀਆਂ ਭਰ ਦੇ ਦਰਦ ਨੇ ਇਸ ਦਿਲ ਦੇ ਵਿਚ ਸਮਾਏ।

ਚੰਗਾ ਹੋਇਆ ਜੀਂਦਿਆਂ ਜੀ ਤੁਸੀਂ ਤੋੜ ਲਿਆ ਹੈ ਨਾਤਾ,
ਦੁੱਖ ਨਾ ਹੋਵੇਗਾ ਫਿਰ ਸਾਨੂੰ ਮੌਤ ਜਦੋਂ ਵੀ ਆਏ।

ਉਸ ਪੱਥਰ ਦਿਲ ਦੇ ਉਤੇ ਅਸਰ ਕੋਈ ਨਾ ਹੋਇਆ,
ਗੀਤ ਬਿਰਹਾ ਦੇ ਬੇਸ਼ਕ ਅਸੀਂ ਦਿਨੇ ਰਾਤ ਸੀ ਗਾਏ।

ਬੜੀ ਖ਼ਾਹਸ਼ ਸੀ ਦਿਲ ਅੰਦਰ ਆਪਣਾ ਵੀ ਕੋਈ ਹੁੰਦਾ,
ਜਿੰਨਾ ਨੂੰ ਆਪਣਾ ਸਮਝਿਆ ਸੀ, ਉਹ ਵੀ ਹੋਏ ਪਰਾਏ।

'ਕਿਦਾਰ' ਅਸੀਂ ਇਸ ਦੁਨੀਆਂ ਤੋਂ ਬਸ ਏਦਾਂ ਹੀ ਤੁਰ ਜਾਣਾ,
ਖੁਸ਼ੀ ਨਾ ਆਈ ਰਾਸ ਅਸਾਂ ਨੂੰ ਅਸੀਂ ਐਸੇ ਲੇਖ ਲਿਖਾਏ।

## ਰੁਬਾਈ

ਦਿਲ ਤੇ ਏ ਪਾਗਲ ਹੈ ਯਾਰੋ ਕੌਣ ਇਹਨੂੰ ਸਮਝਾਏ।
ਅੰਜਾਮ ਨਾ ਸੋਚੇ ਕੀ ਹੋਣਾ ਹੈ ਜਦ ਕਿਸੇ ਤੇ ਆਏ।
ਉਹਦੇ ਕੰਡਿਆਂ ਨੂੰ ਭੀ ਇਹੋ ਫੁੱਲ ਸਮਝ ਕੇ ਚੁੰਮੇ,
ਉਹਦੀ ਹਰ ਅਦਾ ਦੇ ਉਤੇ ਬਸ ਇਹ ਮਰਦਾ ਜਾਏ।

## ਅਜੇ ਬੁਢਾਪਾ ਦੂਰ ਹੈ

ਦਿਲ ਦੇ ਵਿਚ ਜੋ ਦੋਸਤੋ ਪਿਆਰ ਦਾ ਸਰੂਰ ਹੈ।
ਫਿਰ ਤੇ ਬੁਢਾਪਾ ਦੋਸਤੋ ਅਜੇ ਕੋਸੋਂ ਦੂਰ ਹੈ।

ਜ਼ਿੰਦਗੀ ਦੇ ਚਾਰ ਦਿਨ ਹੱਸ ਕੇ ਗੁਜਾਰ ਦੇਹ,
ਹਰ ਇਕ ਤੋਂ ਪਿਆਰ ਲੈ ਹਰ ਇਕ ਨੂੰ ਪਿਆਰ ਦੇਹ।

ਪਿਆਰ ਵਿਚ ਉਮਰ ਦੀ ਨਾ ਵਕਤ ਦੀ ਕੋਈ ਹੱਦ ਹੈ,
ਉਸਦਾ ਦੁਨੀਆਂ ਤੇ ਮਿਲਣਾ ਹੀ ਬੜਾ ਦੁਰਲਭ ਹੈ।

ਮੌਤ ਆਉਣ ਤੇ ਪਹਿਲਾਂ ਮੌਤ ਤੋਂ ਡਰਦਾ ਹੈ ਕਿਉਂ,
ਆਪਣੀ ਜ਼ਿੰਦਗੀ ਬਰਬਾਦ ਤੂੰ ਕਰਦਾ ਹੈ ਕਿਉਂ।

ਮੌਤ ਆਏਗੀ ਤੇ ਨਵੀਂ ਜ਼ਿੰਦਗੀ ਮਿਲੇਗੀ,
ਬਾਗ ਵਿਚ ਫਿਰ ਤਾਜ਼ਾ ਹੋਰ ਕਲੀ ਖਿਲੇਗੀ।

ਦੁਨੀਆਂ ਦੇ ਹੁਸਨ ਨੂੰ ਤੂੰ ਦਿਲ ਦੇ ਵਿਚ ਸਮੇਟ ਲੈ,
ਲੈ ਕੇ ਚਾਦਰ ਪਿਆਰ ਦੀ ਤੂੰ ਇਸ ਤੇ ਲਪੇਟ ਲੈ।

ਮਤਲਬੀ ਇਨਸਾਨ ਦਾ ਦੇਖੀਂ ਬਣੀ ਨਾ ਮੀਤ ਤੂੰ,
ਇਨਸਾਨੀਅਤ ਦੀ ਹਮੇਸ਼ਾਂ ਜਗ ਤੇ ਨਿਭਾਈਂ ਰੀਤ ਤੂੰ।

ਦੁਨੀਆਂ ਤੇ ਰਹਿਣਾ ਖੁਸ਼ ਤੇ ਸਬਕ ਸਿਖ ਲੈ ਪਿਆਰ ਦਾ,
ਜ਼ਿੰਦਗੀ ਦਾ ਫਲਸਫਾ ਹੈ ਦੋਸਤੋ 'ਕਿਦਾਰ' ਦਾ।

# ਸਿਆਣੀ ਉਮਰ

ਮੂਰਖ ਲੋਕੀ ਕੁਝ ਵੀ ਜਾਣਦੇ ਨਹੀਂ
ਸਿਆਣੀ ਉਮਰ ਨੂੰ ਜਿਹੜੇ ਕੋਸਦੇ ਨੇ।

ਬੁਢਾਪੇ ਵਿਚ ਤੇ ਪੂਰਾ ਹੋਸ਼ ਹੁੰਦਾ
ਜੋ ਕੁਝ ਬੋਲਦੇ ਨੇ ਪਹਿਲੇ ਤੋਲਦੇ ਨੇ।

ਉਲਝੀ ਹੋਈ ਗੁੱਥੀ ਜ਼ਿੰਦਗੀ ਦੀ
ਬੜੀ ਸਿਆਣਪ ਦੇ ਨਾਲ ਖੋਲ੍ਹਦੇ ਨੇ।

ਇਵੇਂ ਨਹੀਂ ਜਵਾਨੀ ਦੇ ਜੋਸ਼ ਅੰਦਰ
ਬਿਨਾ ਸੋਚੇ ਹੀ ਸਭ ਕੁਝ ਬੋਲਦੇ ਨੇ।

ਹੋ ਜਾਂਦਾ ਹੈ ਸ਼ਾਤ ਸੁਭਾਉ ਏਥੇ
ਤਲਖੀ ਦਾ ਨਹੀਂ ਨਾਮੋ ਨਿਸ਼ਾਨ ਹੁੰਦਾ।

ਲੋਭ, ਮੋਹ, ਹੰਕਾਰ ਭੀ ਘਟ ਜਾਂਦਾ
ਸਦਾ ਈਸ਼ਵਰ ਦੇ ਵੱਲ ਧਿਆਨ ਹੁੰਦਾ।

ਇਸ ਉਮਰ ਵਿਚ ਰੰਗ ਪਿਆਰ ਦਾ
ਕਾਮ ਵਾਸਨਾ ਤੋਂ ਸਦਾ ਦੂਰ ਹੁੰਦਾ।

ਇਸ ਉਮਰ ਵਿਚ ਉਸਦਾ ਮਜ਼ਾ ਲੈਂਦੇ
ਸੱਚੇ ਪਿਆਰ ਵਿਚ ਜਿਹੜਾ ਸਰੂਰ ਹੁੰਦਾ।

ਆਪਣੀ ਮੌਤ ਉਹ ਆਪ ਹੀ ਮਰ ਜਾਂਦਾ
ਬੰਦੇ ਵਿਚ ਜੋ ਯਾਰੋ ਸ਼ੈਤਾਨ ਹੁੰਦਾ।

ਸਚ ਪੁੱਛੋ ਤਾਂ ਇਸ ਉਮਰ ਅੰਦਰ
ਸਹੀ ਮਾਇਨੇ ਵਿਚ ਪੂਰਨ ਇਨਸਾਨ ਹੁੰਦਾ।

ਕਾਲਾ ਰੰਗ ਵੀ ਵਾਲਾਂ ਦਾ ਤੁਸੀਂ ਦੇਖੋ
ਚਿੱਟਾ ਦੁੱਧ ਸਫੇਦੀ ਤੇ ਆ ਜਾਏ।

ਸਾਰੀ ਦੁਨੀਆਂ ਹੈ ਜਿਸਦਾ ਇਤਰਾਮ ਕਰਦੀ
ਉਸ ਪਦਵੀ ਨੂੰ ਉਹ ਹੈ ਪਾ ਜਾਵੇ।

ਬਾਹਰਲੇ ਦੇਸ਼ਾਂ 'ਚ ਸੀਨੀਅਰ ਸਿਟੀਜ਼ਨ ਦਾ
ਬੜਾ ਉਸਦਾ ਦੋਸਤੋ ਮਾਣ ਰਖਣ।

ਕਿਸੇ ਚੀਜ਼ ਦੀ ਕਮੀ ਨਾ ਹੋਣ ਦੇਵਣ
ਹਰ ਗਲ ਦਾ ਯਾਰੋ ਧਿਆਨ ਰਖਣ।

ਆਪ ਉਠ ਕੇ ਤੁਹਾਨੂੰ ਬਿਠਾਉਣ ਪਹਿਲੇ
ਖੜੇ ਹੋਕੇ ਨਾਲੇ ਸਲਾਮ ਕਰਦੇ।

ਬੜੀ ਇੱਜ਼ਤ ਦੀ ਨਿਗਾਹ ਨਾਲ ਦੇਖਦੇ ਨੇ
ਨਰਮ ਲਹਿਜ਼ੇ ਦੇ ਵਿਚ ਕਲਾਮ ਕਰਦੇ।

ਘਰ ਵਿਚ ਨਾ ਬੇਸ਼ਕ ਪੁੱਛ ਹੋਵੇ
ਹਕੂਮਤ ਬੜਾ ਹੀ ਰੱਖੇ ਧਿਆਨ ਯਾਰੋ।

ਬਸ, ਰੇਲ ਦਾ ਮੁਫਤ ਹੈ ਪਾਸ ਮਿਲਦਾ
ਨਾਲੇ ਮਿਲਦਾ ਹੈ ਮੁਫਤ ਮਕਾਨ ਯਾਰੋ।

ਤਰਸ ਆਉਂਦਾ ਹੈ ਉਹਨਾਂ ਬੱਚਿਆਂ ਤੇ
ਅਸੀਂ ਦਿਲੋਂ ਨਾ ਕਦੀ ਭੁਲਾ ਸਕੇ।

ਚਲੇ ਗਏ ਜਵਾਨੀ ਦੇ ਵਿਚ ਜਿਹੜੇ
ਇਸ ਉਮਰ ਨੂੰ ਉਹ ਨਾ ਪਾ ਸਕੇ।

# ਲੋਹੜੀ

ਨਫਰਤ, ਈਰਖਾ, ਗੁੱਸਾ ਅੱਜ ਇਸ ਲੋਹੜੀ ਵਿਚ ਜਲਾਉ।
ਸ਼ਿਕਵੇ ਗਿਲੇ ਮਿਲਕੇ ਸਾਰੇ ਸਭ ਨੂੰ ਗਲ ਨਾਲ ਲਾਉ।

ਮਸਤੀ ਦੇ ਵਿਚ, ਝੂਮੋ ਸਾਰੇ ਹੋਸ਼ ਦੇ ਵਿਚ ਨਾ ਆਉ,
ਮਦਰਾ ਜੇਕਰ ਬੈਨ ਹੋ ਗਈ ਅੱਖਾਂ ਨਾਲ ਪਿਲਾਉ।

ਅਜ ਸ਼ਰਮ ਨਾ ਕਰੋ ਕੋਈ ਰਲ ਕੇ ਭੰਗੜਾ ਪਾਉ,
ਇਸ ਲੋਹੜੀ ਤੇ ਹਸੋ, ਖੇਲੋ ਗੀਤ ਖੁਸ਼ੀ ਦੇ ਗਾਉ।

ਸਿਆਣੇਪਨ ਦੀ ਚਾਦਰ ਨੂੰ ਅਜ ਲਾਹਕੇ ਪਰਾਂ ਹਟਾਉ,
ਆਪਣੇ ਉਤੇ ਮੁੜਕੇ ਫਿਰ ਜਵਾਨੀ ਦਾ ਰੰਗ ਚੜਾਉ।

ਬੇਸ਼ਕ ਤੁਸੀਂ ਸਿਆਣੇ ਹੋ ਗਏ ਦਿਲ ਜਵਾਨ ਬਣਾਉ,
ਇੰਜ ਨਾ ਢੇਰੀ ਢਾਹ ਕੇ ਬੈਠੋ ਕੁਝ ਕਰਕੇ ਦਿਖਲਾਉ।

ਬੱਚਾ, ਬੁੱਢਾ ਤੇ ਜਵਾਨ ਸਭ ਨੂੰ ਨਾਲ ਮਿਲਾਉ,
ਅਜ ਨਾ ਛੋਟੇ, ਵੱਡੇ ਅੰਦਰ ਭਰਮ ਤੁਸੀਂ ਕੋਈ ਪਾਉ।

ਆਪਣੇ ਦਿਲ ਨੂੰ ਤੁਸੀਂ ਹਮੇਸ਼ਾਂ ਪਿਆਰ ਦੇ ਨਾਲ ਗਰਮਾਉ,
ਹੋ ਸਕੇ ਤੇ ਇਸ ਦੁਨੀਆਂ ਵਿਚ ਨੇਕੀ ਤੁਸੀਂ ਕਮਾਉ।

ਨਫ਼ਰਤ ਦਾ ਕਰੋ ਦੂਰ ਹਨੇਰਾ ਪਿਆਰ ਦੀ ਜੋਤ ਜਗਾਉ,
'ਕਿਦਾਰ' ਤੁਸੀਂ ਅਜ ਲੋਹੜੀ ਇਸ ਢੰਗ ਦੇ ਨਾਲ ਮਨਾਉ।

## ਗ਼ਜ਼ਲ

ਆਦਮੀ ਨੇ ਆਦਮੀ ਦੀ ਜਦ ਕਰ ਲਈ ਪਹਿਚਾਣ ਹੈ।
ਆਦਮੀ ਫਿਰ ਬਣ ਗਿਆ ਉਦੋਂ ਅਸਲ ਇਨਸਾਨ ਹੈ।

ਦੇਸ਼ ਲਈ ਕੁਰਬਾਨ ਜੋ ਹੋ ਗਿਆ ਹੈ ਆਦਮੀ,
ਦੇਸ਼ ਨੂੰ ਹੈ ਨਾਜ਼ ਉਸ ਤੇ ਉਹ ਵਤਨ ਦੀ ਸ਼ਾਨ ਹੈ।

ਪੂੰਝ ਦਿਤੇ ਜੇ ਤੂੰ ਹੰਝੂ ਬਸ ਕਿਸੇ ਭੀ ਮਸੂਮ ਦੇ,
ਦੁਨੀਆ 'ਚ ਇਸ ਤੋਂ ਵੱਡਾ ਹੋਰ ਨਾ ਕੋਈ ਦਾਨ ਹੈ।

ਮੇਰੇ ਘਰ ਚਲ ਕੇ ਦੁਸ਼ਮਨ ਭੀ ਜੇ ਕਰ ਆ ਗਿਆ,
ਉਸ ਵੇਲੇ ਦੋਸਤੋ ਉਹ ਮੇਰਾ ਮਹਿਮਾਨ ਹੈ।

ਦਿਲ ਨੂੰ ਸਮਝਾਉਣਾ ਮੁਸ਼ਕਲ ਹੈ ਹੁੰਦਾ ਦੋਸਤੋ,
ਕਦ ਕਿਸੇ ਤੇ ਆ ਜਾਏ ਇਹ ਬੜਾ ਨਾਦਾਨ ਹੈ।

ਕੌਣ ਮਰਦਾ ਕਿਸੇ ਲਈ ਅੱਜ ਕਲ ਦੇ ਦੌਰ ਵਿਚ,
ਕਹਿਣਾ ਬੜਾ ਆਸਾਨ ਹੁੰਦਾ ਤੂੰ ਤੇ ਮੇਰੀ ਜਾਨ ਹੈ।

ਪਿਆਰ ਦੇ ਦੋ ਬੋਲ ਕੋਈ ਸਡੀ ਤਲੀ ਤੇ ਧਰ ਗਿਆ,
ਮੇਰੇ ਲਈ ਉਹ ਦੋਸਤੋ ਹੀਰਿਆਂ ਦੀ ਖਾਨ ਹੈ।

ਮੈਂ ਤੇ ਕਸਮ ਖਾ ਲਈ ਸੀ ਹਥ ਭੀ ਨਾ ਲਾਉਣ ਦੀ,
ਸਾਕੀ ਨੇ ਏਦਾਂ ਦੇਖਿਆ ਇਹ ਡੋਲਿਆ ਈਮਾਨ ਹੈ।

'ਕਿਦਾਰ' ਕਰਨਾ ਛੱਡ ਦੇ ਦਾਅਵਾ ਤੂੰ ਸੂਫੀ ਹੋਣ ਦਾ,
ਕੀ ਕਰੇਂਗਾ ਦਸ ਤੂੰ ਮੌਸਮ ਹੀ ਜਦ ਬੇਈਮਾਨ ਹੈ।

## ਗਊ ਮਾਤਾ

ਉਂਝ ਤਾਂ ਗਊ ਮਾਤਾ ਦੇ ਭਗਤ ਤੁਸੀ ਕਹਿਲਾਂਦੇ ਹੋ।
ਦਿਲ ਵਿਚ ਝਾਤੀ ਮਾਰ ਕੇ ਵੇਖੋ ਤਾਂ ਕੀ ਫਾਇਦਾ ਪਹੁੰਚਾਂਦੇ ਹੋ।

ਕੁੱਤੇ ਘਰ ਵਿਚ ਰਖ ਤੁਸੀਂ ਬਿਸਕੁਟ ਰੋਜ਼ ਖਿਲਾਂਦੇ ਹੋ,
ਗਊ ਬੂਹੇ ਤੇ ਆ ਜਾਵੇ ਤੇ ਡੰਡੇ ਤੁਸੀਂ ਬਰਸਾਂਦੇ ਹੋ।

ਪੱਥਰ ਦੀ ਗਊ ਨੂੰ ਅਸੀਂ ਦੁੱਧ ਦੇ ਨਾਲ ਨ੍ਹਿਲਾਉਂਦੇ ਹਾਂ,
ਮੱਥਾ ਟੇਕ ਉਹਦੇ ਅੱਗੇ ਨਾਲ ਪੁਸ਼ਪ ਚੜਾਉਂਦੇ ਹਾਂ।

ਭੁੱਖ ਦੀਆਂ ਮਾਰੀਆਂ ਗਊਆਂ ਸੜਕਾਂ ਤੇ ਫਿਰਦੀਆਂ ਨੇ,
ਕੂੜਾ ਕਚਰਾ ਖਾ ਕੇ ਇਹੋ ਢਿੱਡ ਵਿਚਾਰੀਆਂ ਭਰਦੀਆਂ ਨੇ।

ਪਲਾਸਟਕ ਤੇ ਗੰਦੀਆਂ ਚੀਜ਼ਾਂ ਖਾ ਕੇ ਮਰ ਜਾਂਦੀਆਂ ਨੇ,
ਕਦੀ ਬੱਸਾਂ ਤੇ ਟਰੱਕਾਂ ਥੱਲੇ ਆ ਕੇ ਬਲੀ ਚੜ੍ਹ ਜਾਂਦੀਆਂ ਨੇ।

ਹਕੂਮਤ ਨੂੰ ਚਾਹੀਦਾ ਇਸ ਗੱਲ ਵਲ ਜ਼ਰਾ ਧਿਆਨ ਧਰੇ,
ਇਨ੍ਹਾਂ ਦੇ ਰਹਿਣ ਵਾਸਤੇ ਗਊ ਸ਼ਾਲੇ ਉਹ ਤਾਮੀਰ ਕਰੇ।

ਨਾਲੇ ਉਹਨਾਂ ਅਧਰਮੀ ਲੋਕਾਂ ਵੱਲ ਵੀ ਜ਼ਰਾ ਧਿਆਨ ਕਰੇ,
ਦੁੱਧ ਚੋ ਕੇ ਜੋ ਛਡ ਦਿੰਦੇ ਨੇ ਉਨ੍ਹਾਂ ਦਾ ਇਹ ਚਲਾਨ ਕਰੇ।

ਰਾਮ ਰਾਜ ਬਨਾਣ ਦਾ ਏ ਸ਼ੋਰ ਤੇ ਬੜਾ ਮਚਾਂਦੇ ਨੇ,
ਗੱਲਾਂ ਬਾਤਾਂ ਕਰਕੇ ਇਹ ਲੋਕਾਂ ਦਾ ਦਿਲ ਪਰਚਾਉਂਦੇ ਨੇ।

ਕੁਰਸੀ ਦੀ ਖ਼ਾਤਰ ਯਾਰੋ ਹਰ ਕੋਈ ਲੀਡਰ ਮਰਦਾ ਏ,
ਦੇਸ਼ ਲਈ ਕੀ ਕਰਨਾ ਇਨ੍ਹਾਂ ਆਪਣਾ ਢਿੱਡ ਨਹੀਂ ਭਰਦਾ ਏ।

'ਕਿਦਾਰ' ਰਲ ਕੇ ਆਪਾਂ ਭੀ ਇਨ੍ਹਾਂ ਦਾ ਕੁਝ ਸੁਧਾਰ ਕਰੋ,
ਇਸ ਦੀ ਸੇਵਾ ਕਰ ਕੇ ਗਊ ਮਾਤਾ ਨਾਲ ਸੱਚਾ ਪਿਆਰ ਕਰੋ।

## ਗ਼ਜ਼ਲ

ਸਾਕੀ ਵੀ ਹੈ ਤੇ ਜਾਮ ਵੀ ਛਾਈ ਹੋਈ ਬਹਾਰ ਹੈ।
ਮਹਿਬੂਬ ਨੇ ਮਿਲਣ ਦਾ ਕਰ ਲਿਆ ਇਕਰਾਰ ਹੈ।

ਮਹਿਫਲ ਵੀ ਰੰਗੀਨ ਹੈ ਹੁਸਨ ਦੀ ਬਰਸਾਤ ਹੈ,
ਕਿਸਮਤ ਨੇ ਦਿੱਤਾ ਸਾਥ ਹੈ ਅਜ ਕੋਲ ਬੈਠਾ ਯਾਰ ਹੈ।

ਇਸ ਮੌਸਮ ਵਿਚ ਤੇ ਪੰਡਤ ਜੀ ਸਭ ਕੁਝ ਮੁਆਫ ਹੈ,
ਇਸ ਮੌਸਮ ਵਿਚ ਤੇ ਦਿਲ ਤੇ ਨਹੀਂ ਅਖਤਿਆਰ ਹੈ।

ਮਹਿਖ਼ਾਨੇ ਵਿਚ ਆਣ ਕੇ ਸਾਰੇ ਦੇ ਸਾਰੇ ਇਕ ਨੇ,
ਨਾ ਝਗੜਾ ਕਿਸੇ ਧਰਮ ਦਾ ਨਾ ਦੀਨ ਦਾ ਪਰਚਾਰ ਹੈ।

ਪੀਣਾ ਤੇ ਏਨਾ ਬੁਰਾ ਨਹੀਂ ਜਿੰਨਾ ਬੁਰਾ ਹੈ ਦੋਸਤੋ,
ਖ਼ੂਨ ਪੀਣਾ ਕਿਸੇ ਦਾ ਤੇ ਕਰਨਾ ਅਤਿਆਚਾਰ ਹੈ।

ਦਿਲ ਨਾ ਕਰ ਛੋਟਾ ਤੇ ਕਿਸਮਤ ਨੂੰ ਵੀ ਨਾ ਕੋਸ ਤੂੰ
ਇਕ ਦਰ ਬੰਦ ਜੇ ਹੋ ਗਿਆ ਖੁੱਲੇ ਕਈ ਹਜ਼ਾਰ ਹੈ।

ਆਪ ਖ਼ੁਸ਼ ਰਹਿ ਤੂੰ ਤੇ ਦੂਜੇ ਨੂੰ ਵੀ ਦੇ ਦੇ ਖ਼ੁਸ਼ੀ,
ਮਕਸਦ ਇਹੋ ਜ਼ਿੰਦਗੀ ਦਾ ਏ ਆਖਦਾ 'ਕਿਦਾਰ' ਹੈ।

## ਗ਼ਜ਼ਲ

ਦੁਖ ਸੁਖ ਸਾਂਝਾ ਕਰਨ ਦੀ ਅੱਜ ਕਿਸ ਨੂੰ ਵਿਹਲ ਹੈ।
ਹੁਣ ਤੇ ਬੰਦਾ ਰਹਿ ਗਿਆ ਬਣ ਕੇ ਇਕ ਮਸ਼ੀਨ ਹੈ।

ਕੋਠੀ ਭੀ ਹੈ ਕਾਰ ਭੀ ਨੌਕਰ ਭੀ ਮਾਜੂਦ ਹੈ,
ਸਭ ਕੁਝ ਹੁੰਦਿਆ ਅੱਜ ਵੀ ਆਦਮੀ ਮਸਕੀਨ ਹੈ।

ਬੰਦਰ ਦੀ ਤਰ੍ਹਾਂ ਟੱਪਣਾ ਤੇ ਗਲੇ ਨੂੰ ਹੈ ਫਾੜਨਾ,
ਵੈਸਟਰਨ ਕਲਚਰ ਦਾ ਬੰਦਾ ਬਣ ਗਿਆ ਸ਼ੌਕੀਨ ਹੈ।

ਕਲਾ ਦੀ ਨਾ ਕਦਰ ਅੱਜ ਨਾ ਕਿਸੇ ਨੂੰ ਸਮਝ ਹੈ,
ਹੁਣ ਤੇ ਪਸੰਦ ਰਹਿ ਗਈ ਵਾਹ ਕਿਆ ਸੀਨ ਹੈ।

ਚੱਲਦਾ ਰਿਹਾ ਜੇ ਇਸ ਤਰ੍ਹਾਂ 'ਕਿਦਾਰ' ਇਕ ਦਿਨ ਵੇਖਣਾ,
ਨਾ ਸਭਿਅਤਾ ਰਹਿਣੀ ਆਪਣੀ ਨਾ ਕੋਈ ਰਹਿਣਾ ਦੀਨ ਹੈ।

## ਇਕੋ ਮਜ਼ਹਬ ਬਣਾ ਲਈਏ

ਆਓ ਸਭ ਮਜ਼ਹਬਾਂ ਨੂੰ ਛੱਡ ਕੇ ਇਕੋ ਮਜ਼ਹਬ ਬਣਾਏਂ।

ਉਸ ਮਜ਼ਹਬ ਦੇ ਅੰਦਰ ਸਭ ਨੂੰ ਪਿਆਰ ਦਾ ਸਬਕ ਸਿਖਾਏਂ।
ਪਿਆਰ ਬਿਨਾ ਜੀਵਨ ਹੈ ਕਾਹਦਾ ਇਹ ਸਭ ਨੂੰ ਸਮਝਾਏਂ।

ਜਿਥੇ ਕਿਸੇ ਮਜ਼ਹਬ ਦੀ ਨਾ ਹੋਵੇ ਕੋਈ ਜ਼ਬਾਨ
ਜਿਥੇ ਬਸ ਇਨਸਾਨੀਅਤ ਦਾ ਬਣਿਆ ਹੋਵੇ ਨਿਸ਼ਾਨ।

ਜਿਥੇ ਕਿਸੇ ਦਾ ਹੋਵੇ ਨਾ ਆਪਣਾ ਕੋਈ ਰੰਗ
ਜਿਥੇ ਕਿਸੇ ਦੇ ਪੂਜਨ ਦਾ ਨਾ ਹੋਵੇ ਵਖਰਾ ਢੰਗ।

ਜਿਥੇ ਕੋਈ ਨਾ ਹਿੰਦੂ ਹੋਵੇ ਨਾ ਮੁਸਲਮ ਸਿਖ ਈਸਾਈ
ਜਿਥੇ ਸਾਰੇ ਆਪਸ ਵਿਚ ਹੋਵਣ ਭਾਈ ਭਾਈ।

ਜਿਥੇ ਕੋਈ ਨਾ ਕਾਫਰ ਹੋਵੇ ਨਾ ਕੋਈ ਹੋਵੇ ਮੋਮਨ
ਜਿਥੇ ਉੱਚੀ ਜ਼ਾਤ ਦਾ ਕੋਈ ਰੌਲਾ ਪਏ ਨਾ ਰੋਵਨ।

ਜਿਥੇ ਕੋਈ ਇਕ ਦੂਜੇ ਨਾਲ ਰੱਖੇ ਕਦੀ ਨਾ ਵੈਰ
ਜਿਥੇ ਇਕ ਦੂਜੇ ਦੇ ਸੁਖ ਲਈ ਮੰਗਣ ਸਾਰੇ ਖ਼ੈਰ।

ਉਹ ਵੀ ਇਕ ਇਨਸਾਨ ਹੈ ਯਾਰੋ ਮੈਂ ਵੀ ਇਕ ਇਨਸਾਨ
ਜਿਥੇ ਇਕ ਦੂਜੇ ਦੀ ਬਸ ਹੋਵੇ ਇਹ ਪਹਿਚਾਨ।

ਜਿਥੇ ਕਾਲੇ ਗੋਰੇ ਦਾ ਕੋਈ ਫ਼ਰਕ ਨਾ ਸਮਝਿਆ ਜਾਏ
ਜਿਥੇ ਹਰ ਬੰਦਾ ਹਰ ਬੰਦੇ ਨੂੰ ਗਲ ਦੇ ਨਾਲ ਲਗਾਏ।

ਜਿਥੇ ਕਿਸੇ ਨੂੰ ਮਾਰਨ ਦਾ ਕਰੇ ਨਾ ਕੋਈ ਚਾਰਾ
ਜਿਥੇ ਸਭ ਨੂੰ ਸਮਝਿਆ ਜਾਏ ਜਾਨ ਤੋਂ ਵੱਧ ਪਿਆਰਾ।

ਜਿਥੇ ਕਿਸੇ ਨੂੰ ਕਿਸੇ ਦੀ ਜ਼ਾਤ ਨਾ ਪੁੱਛੀ ਜਾਏ
ਜਿਥੇ ਹਰ ਇਨਸਾਨ ਦਾ ਬੱਚਾ ਬਸ ਇਨਸਾਨ ਕਹਿਲਾਏ।

ਜਿਥੇ ਕੋਈ ਨਾ ਮੁੱਲਾ ਹੋਵੇ ਨਾ ਕੋਈ ਹੋਵੇ ਪੰਡਿਤ
ਜਿਥੇ ਇਕ ਦੂਜੇ ਦੇ ਮਜ਼ਹਬ ਨੂੰ ਕਰੇ ਨਾ ਕੋਈ ਖੰਡਤ।

ਜਿਥੇ ਕੋਈ ਨਾ ਗੁਰਦੁਆਰਾ ਹੋਵੇ ਨਾ ਮਸਜਦ ਨਾ ਮੰਦਰ
ਜਿਥੇ ਰਬ ਦੀ ਪੂਜਾ ਹੋਵੇ ਸਭ ਦੇ ਦਿਲਾਂ ਦੇ ਅੰਦਰ।

ਜਿਥੇ ਹਰ ਇਨਸਾਨ ਨੂੰ ਇਕੋ ਰੂਪ ਸਮਝਿਆ ਜਾਏ
ਜਿਥੇ ਕੋਈ ਸ਼ੇਖ ਬ੍ਰਾਹਮਣ ਨਾ ਸ਼ੂਦਰ ਦੀ ਵੰਡ ਪਾਏ।

ਜਿਥੇ ਕਿਸੇ ਨੂੰ ਹੋਰ ਕੋਈ ਕੰਮ ਨਾ ਹੋਵੇ ਦੂਜਾ
ਇਕ ਦੂਜੇ ਨੂੰ ਪਿਆਰ ਕਰਨ ਤੇ ਸੱਚ ਦੀ ਹੋਵੇ ਪੂਜਾ।

ਜਿਥੇ ਧਰਮ ਦੇ ਨਾਂ ਦੇ ਉਤੇ ਨਾ ਕੋਈ ਭੜਕਾਏ
ਜਿਥੇ ਮਜ਼ਹਬ ਦੇ ਨਾਂ ਦੇ ਉਤੇ ਨਾ ਕੋਈ ਪਿੱਛੇ ਲਾਏ।

ਜਿਥੇ ਕੋਈ ਮਜ਼ਹਬ ਆਪਣੇ ਨੂੰ ਖ਼ੂਨ ਦੇ ਨਾਲ ਨਾ ਰੰਗੇ
ਜਿਥੇ ਕੋਈ ਮਜ਼ਹਬ ਦੀ ਖ਼ਾਤਰ ਨਾ ਸੂਲੀ ਤੇ ਟੰਗੇ।

'ਕਿਦਾਰ' ਦਾ ਏ ਸੁਪਨਾ ਜੇ ਕਿਧਰੇ ਸੱਚ ਹੋ ਜਾਏ
ਫਿਰ ਤੇ ਇਸ ਧਰਤੀ ਦੇ ਉਤੇ ਸਵਰਗ ਉਤਰ ਕੇ ਆਏ।

## ਰੁਬਾਈ

ਯਾਦ ਨਹੀਂ ਰਹਿੰਦੀ ਉਸ ਦੀ ਬੀਤ ਗਿਆ ਜੋ ਕੱਲ੍ਹ
ਬੀਤੇ ਕੱਲ ਦੀ ਦੋਸਤੋ ਹੋਈ ਪੁਰਾਣੀ ਗੱਲ।

ਬੀਤ ਗਏ ਕਈ ਸਾਲ ਮਗਰ ਖ਼ਸ਼ਬੂ ਅਜੇ ਭੀ ਆਏ
ਤੇਰੇ ਨਾਲ ਗੁਜ਼ਾਰੇ ਹੋਏ ਪਿਆਰ ਭਰੇ ਦੋ ਪਲ।

## ਰੁਬਾਈ

ਚੰਗਾ ਕੀਤਾ ਆਪਣੇ ਕੋਲੋਂ ਦੂਰ ਤੂੰ ਮੈਨੂੰ ਕੀਤਾ
ਚੰਗਾ ਕੀਤਾ ਜੇ ਤੂੰ ਅੜੀਏ ਇਹੋ ਨਿਰਨਾ ਲੀਤਾ।

ਇਕ ਗੱਲ ਪਰ ਮੈਂ ਪੁਛਦਾ ਤੈਥੋਂ ਸੱਚੋ ਸੱਚੀ ਦੱਸੀ
ਕੀ ਤੂੰ ਜ਼ਹਿਰ ਜੁਦਾਈ ਦਾ ਨਾਲ ਖੁਸ਼ੀ ਦੇ ਪੀਤਾ।

# ਗਰੀਬੀ

ਅਜੇ ਗਰੀਬੀ ਹੱਥ ਫੈਲਾ ਕੇ
ਸੜਕ ਕਿਨਾਰੇ ਬੈਠੀ ਹੈ।
ਅਜ ਭੀ ਦੇਸ਼ ਦੀ ਏ ਹੈ ਹਾਲਤ
ਕਿੰਨੀ ਯਾਰੋ ਹੇਠੀ ਹੈ।
ਯੂਨੀਅਨ ਜੈਕ ਦੀ ਥਾਂ ਬੇਸ਼ਕ
ਹੁਣ ਤਰੰਗਾ ਚੜਿਆ ਹੈ
ਗ਼ਰੀਬ ਵਿਚਾਰਾ ਹੋਰ ਗਰੀਬੀ
ਦੇ ਭਾਰ ਦੇ ਥਲੇ ਮਰਿਆ ਹੈ।
ਹੁਣ ਤੇ ਕਿਸੇ ਦਾ ਡਰ ਨਹੀਂ ਹੈਗਾ
ਚਮਕ ਉਠੀ ਤਕਦੀਰ ਜੋ ਹੈ।
ਕਿਸੇ ਦਾ ਚਾਚਾ ਕਿਸੇ ਦਾ ਤਾਇਆ
ਬਣਿਆ ਹੋਇਆ ਵਜ਼ੀਰ ਜੋ ਹੈ।
ਅੱਗੇ ਤੇ ਸਰਕਾਰ ਦਾ ਡਰ ਸੀ
ਮਾੜੇ ਕੰਮਾਂ ਤੋਂ ਡਰਦੇ ਸਾਂ।
ਹੁਣ ਤੇ ਹੈ ਸਰਕਾਰ ਭੀ ਆਪਣੀ
ਮਨ ਮਰਜ਼ੀ ਅਸੀਂ ਕਰਦੇ ਹਾਂ।
ਕਿਹੜਾ ਕੰਮ ਜੋ ਦਫ਼ਤਰ ਅੰਦਰ
ਬਿਨ ਰਿਸ਼ਵਤ ਦੇ ਹੁੰਦਾ ਹੈ।
ਸਭ ਦੇ ਮੂੰਹ ਨੂੰ ਖ਼ੂਨ ਹੈ ਲੱਗਾ
ਸਭ ਦਾ ਇਹੋ ਧੰਦਾ ਹੈ।
ਅਜੇ ਪਿੰਡਾ ਕੱਜਣ ਲਈ
ਕੋਈ ਚੀਥੜਿਆਂ ਨਾਲ ਲਪੇਟੀ ਹੈ।
ਅਜੇ ਗਰੀਬੀ ਹਥ.....

ਹਾਂ ਮਿਲੀ ਅਜ਼ਾਦੀ ਗੁੰਡਿਆਂ ਨੂੰ
ਜਾਂ ਫਿਰ ਰਿਸ਼ਵਤ ਖੋਰਾਂ ਨੂੰ
ਜਾਂ ਠੱਗਾਂ ਬਦਮਾਸ਼ਾਂ ਨੂੰ
ਜਾਂ ਫਿਰ ਡਾਕੂ ਚੋਰਾਂ ਨੂੰ।
ਅੰਡਰ ਵਰਲਡ ਤੇ ਮਾਫੀਆ ਦੀ
ਇਕ ਨਵੀਂ ਬੀਮਾਰੀ ਆਈ ਹੈ।

ਹੜਪ ਗਏ ਕਰੋੜਾਂ ਦੀ ਦੌਲਤ
ਐਸੀ ਲੁੱਟ ਮਚਾਈ ਹੈ।
ਸ਼ਰੀਫ ਆਦਮੀ ਦੀ ਤੇ ਜ਼ਿੰਦਗੀ
ਉਨ੍ਹਾਂ ਦੇ ਰਹਿਮ ਤੇ ਪਲਦੀ ਹੈ
ਅੰਦਰ ਭੀ ਤੇ ਬਾਹਰ ਭੀ
ਉਨ੍ਹਾਂ ਲੋਕਾਂ ਦੀ ਚਲਦੀ ਹੈ।
ਜਿਹਨੂੰ ਭੀ ਉਹ ਚਾਹਣ ਉਸ ਨੂੰ
ਪੈਸੇ ਨਾਲ ਕਤਲ ਕਰਾ ਦਿੰਦੇ
ਹਸਦੇ ਖੇਡਦੇ ਬੰਦੇ ਨੂੰ
ਝਟ ਮੌਤ ਦੀ ਨੀਂਦ ਸੁਲਾ ਦਿੰਦੇ।

## ਝੁਗੀ ਝੌਂਪੜੀ ਦੇ ਬੱਚਿਆਂ ਨੂੰ

ਮਿਹਨਤ ਨਾਲ ਜੋ ਕੰਮ ਕਰੇਗਾ
ਹੌਸਲਾ ਕਦੀ ਨਾ ਹਾਰੋਗੇ।
ਦੇਖ ਲੈਣਾ ਦੁਨੀਆਂ ਦੇ ਅੰਦਰ
ਤੁਸੀਂ ਹੀ ਬਾਜ਼ੀ ਮਾਰੋਗੇ।

ਤੁਹਾਡੇ ਅੰਦਰ ਭੀ ਸ਼ਕਤੀ
ਉਸ ਮਾਲਕ ਨੇ ਪਾਈ ਹੈ
ਉਹ ਹੀ ਉੱਚਾ ਇਨਸਾਨ ਹੈ ਬੱਚੋ
ਜਿਸ ਕੀਤੀ ਨੇਕ ਕਮਾਈ ਹੈ।

ਤੁਸੀਂ ਭੀ ਨਹੀਂ ਹੈ ਪਿੱਛੇ ਰਹਿਣਾ
ਤੁਸੀਂ ਭੀ ਅਗੇ ਬੜਨਾ ਹੈ।
ਤੁਸੀਂ ਭੀ ਸਭ ਕੁਝ ਕਰ ਸਕਦੇ ਹੋ
ਜੋ ਭੀ ਚਾਹੋ ਕਰਨਾ ਹੈ।

ਕੋਈ ਭੀ ਨਹੀਂ ਹੈ ਛੋਟਾ ਵੱਡਾ
ਸਾਰੇ ਇਕ ਸਮਾਨ ਤੁਸੀਂ
ਤੁਹਾਡੇ ਉਤੇ ਗਰਵ ਹੈ ਸਾਨੂੰ
ਭਾਰਤ ਦੀ ਹੋ ਸ਼ਾਨ ਤੁਸੀਂ।

ਆਪਣੇ ਆਪ ਨੂੰ ਤੁਸੀਂ ਬੱਚੋ
ਕਮਜ਼ੋਰ ਕਦੀ ਭੀ ਜਾਣੋ ਨਾ।
ਛੱਡ ਕੇ ਹੌਸਲਾ ਕਦੀ ਤੁਸੀਂ
ਆਲਸ ਦੀ ਚਾਦਰ ਤਾਣੋ ਨਾ।

ਬੜੀ ਖ਼ੁਸ਼ੀ ਮਿਲੀ ਹੈ ਮੈਨੂੰ
ਦੇਖਣ ਦਾ ਸੀ ਚਾਹ ਬੱਚੋ।
ਵਧੋ ਫੁਲੋ ਕਰੋ ਤਰੱਕੀ
'ਕਿਦਾਰ' ਦੀ ਏ ਦੁਆ ਬੱਚੋ।

# ਖਾ ਪੀ ਤੇ ਮੌਜ ਮਨਾ ਇਥੇ

ਖਾ ਪੀ ਤੇ ਮੌਜ ਮਨਾ ਇਥੇ
ਸਭ ਕੁਝ ਤੇਰੇ ਲਈ ਹੈ ਸਜਨਾ।
ਥੋੜ੍ਹਾ ਜਿਹਾ ਵਕਤ ਬਚਾ ਕੇ ਤੂੰ
ਪਰ ਨਾਂ ਪ੍ਰਭੂ ਦਾ ਲੈ ਸਜਨਾ।
ਲੱਖਾਂ ਉਸ ਨਿਹਮਤ ਤੇਰੇ ਲਈ
ਧਰਤੀ 'ਚੋਂ ਪੈਦਾ ਕੀਤੀਆਂ ਨੇ।
ਤੂੰ ਰੱਬ ਦਾ ਸ਼ੁਕਰ ਮਨਾ ਹਰ ਦਮ
ਉਹਦੇ ਚਰਨੀ ਆ ਕੇ ਪੈ ਸਜਨਾ।
ਦੁਖ ਸੁਖ ਦਾ ਸੰਗਮ ਏ ਜੀਵਨ
ਹਰ ਹਾਲ 'ਚ ਖੁਸ਼ ਤੂੰ ਰਹਿ ਪਿਆਰੇ
ਜੇ ਕਸ਼ਟ ਭੀ ਕਿਧਰੇ ਆ ਜਾਵੇ
ਹਸ ਹਸ ਕੇ ਜਾਨ ਤੇ ਸਹਿ ਸਜਨਾ।
ਕੋਈ ਛੋਟਾ ਵੱਡਾ ਨਹੀਂ ਇਥੇ
ਉਸ ਰਬ ਦੇ ਸਾਰੇ ਬੰਦੇ ਨੇ।
ਤੂੰ ਸਭ ਨੂੰ ਗਲੇ ਲਗਾ ਇਥੇ
ਤੂੰ ਸਭ ਨਾਲ ਮਿਲ ਕੇ ਬਹਿ ਸਜਣਾ।

ਗਰੀਬ ਨੂੰ ਕੋਈ ਪੁੱਛਦਾ ਨਹੀਂ
ਬੇਸ਼ਕ ਉਹ ਕਿੰਨਾ ਚੰਗਾ ਹੈ।
ਪੈਸੇ ਨਾਲ ਐਬ ਹੈ ਲੁਕ ਜਾਂਦੇ
ਪੈਸੇ ਦੀ ਜਗ ਵਿਚ ਜੈ ਸਜਣਾ।
ਕੁੜ ਕੁੜ ਕੇ ਆਪਣੇ ਦਿਲ ਅੰਦਰ
ਕੋਈ ਰੋਗ 'ਕਿਦਾਰ' ਨਾ ਲਾ ਬੈਠੀ
ਡਰ ਖ਼ੌਫ ਤੂੰ ਕੱਢ ਕੇ ਦਿਲ ਵਿਚੋਂ
ਜੋ ਸੱਚੀ ਗੱਲ ਹੈ ਕਹਿ ਸਜਨਾ।

ਗ਼ਜ਼ਲ

ਅਸੀਂ ਤੇ ਜ਼ਿੰਦਗੀ ਆਪਣੀ ਤੇਰੇ ਨਾਂ ਲਾ ਦਿੱਤੀ।
ਤੇਰੀ ਚਾਹਤ ਦੀ ਦੋਸਤ ਅਸੀਂ ਕੀਮਤ ਚੁਕਾ ਦਿੱਤੀ।

ਇਹ ਤੈਨੂੰ ਕਿਸ ਨੇ ਕਹਿ ਦਿਤਾ ਤੇਰੀ ਖ਼ੁਸ਼ੀਆਂ ਤੇ ਜਲਦੇ ਹਾਂ,
ਅਸੀਂ ਤੇ ਦੁਸ਼ਮਣ ਨੂੰ ਭੀ ਕਦੀ ਨਹੀਂ ਬਦ ਦੁਆ ਦਿਤੀ।

ਤੇਰੇ ਨਾਲ ਤੇ ਹਸ ਕੇ ਅਸੀਂ ਕੁਝ ਦਿਨ ਗੁਜ਼ਾਰੇ ਸੀ,
ਫਿਰ ਕਿਉਂ ਸਾਡੇ ਉਤੇ ਤੂੰ ਏ ਤੁਹਮਤ ਲਗਾ ਦਿੱਤੀ।

ਅਸੀਂ ਤੇ ਹੁਣ ਭੀ ਦਿਨੇ ਰਾਤ ਤੈਨੂੰ ਯਾਦ ਕਰਦੇ ਹਾਂ,
ਇਹ ਵੱਖਰੀ ਗੱਲ ਹੈ ਕਿ ਤੂੰ ਪਿਛਲੀ ਗੱਲ ਭੁਲਾ ਦਿੱਤੀ।

ਮੁਹੱਬਤ ਰਾਸ ਨਹੀਂ ਆਈ ਏ ਤਕਦੀਰ ਸਾਡੀ ਨੂੰ,
ਸਮਝਾ ਕੇ ਦਿਲ ਆਪਣੇ ਨੂੰ ਉਹਦੀ ਢਾਰਸ ਬੰਧਾ ਦਿੱਤੀ।

ਏ ਸੌਦੇ ਦਿਲ ਦੇ ਹੁੰਦੇ ਨੇ ਇਥੇ ਨਹੀਂ ਜ਼ੋਰ ਚਲਦਾ ਹੈ,
ਕਹਿ ਜਿਸ ਨੂੰ ਭੀ ਤੂੰ ਚਾਹਾਂ ਆਪਣੀ ਮੁਹਰ ਲਾ ਦਿਤੀ।

ਜੋ ਕਰਦੇ ਪਿਆਰ ਨੇ 'ਕਿਦਾਰ' ਉਹ ਬਸ ਪਿਆਰ ਕਰਦੇ ਨੇ,
ਰੱਬ ਨੇ ਆਸ਼ਕਾਂ ਦੀ ਬਸ ਇਹ ਆਦਤ ਬਣਾ ਦਿਤੀ।

## ਗ਼ਜ਼ਲ

ਜ਼ਿੰਦਗੀ ਹੈ ਚਾਰ ਦਿਨ ਦੀ ਇਹ ਤੇ ਤੂੰ ਸੁਣਦਾ ਰਿਹਾ।
ਤਾਣੇ ਬਾਣੇ ਹਿਰਸ ਦੇ ਤੂੰ ਫੇਰ ਭੀ ਬੁਣਦਾ ਰਿਹਾ।

ਆਪਣੀਆਂ ਖ਼ਾਮੀਆਂ ਦਾ ਨਾ ਕਦੀ ਕੀਤਾ ਅਹਿਸਾਸ,
ਜ਼ਿੰਦਗੀ ਭਰ ਦੂਜਿਆਂ ਦੇ ਐਬ ਤੂੰ ਪੁਣਦਾ ਰਿਹਾ।

ਬਦਲੇ ਦੀ ਭਾਵਨਾ ਵਿਚ ਅੰਨ੍ਹਾ ਹੋ ਕੇ ਆਦਮੀ,
ਈਰਖਾ ਦੇ ਕੰਡੇ ਫੁੱਲਾਂ ਦੀ ਥਾਂ ਚੁਣਦਾ ਰਿਹਾ।

ਭਠੀ ਤਪਾ ਕੇ ਕਰੋਧ ਦੀ ਇਸ ਵਿਚ ਅੱਜ ਆਦਮੀ,
ਆਪਣੀ ਖ਼ਾਹਸ਼ਾਂ ਦੇ ਦਾਣੇ ਸਦਾ ਭੁੰਨਦਾ ਰਿਹਾ।

ਸੁਪਨੇ ਸਜ਼ਾ ਕੇ ਧਾਗਿਆਂ ਤੇ ਆਸ ਤੇ ਉਮੀਦ ਦੇ,
'ਕਿਦਾਰ' ਆਪਣੀ ਉਂਗਲਾਂ ਤੇ ਉਮਰ ਭਰ ਉਣਦਾ ਰਿਹਾ।

## ਨਜ਼ਮ

ਰੁਤ ਸਾਵਨ ਦੀ ਜਦ ਭੀ ਆ ਜਾਏ
ਦਿਲਾਂ ਵਿਚ ਏ ਕਰੇ ਪਿਆਰ ਪੈਦਾ।

ਸੁੱਤੇ ਹੋਏ ਅਰਮਾਨ ਜਗਾ ਦੇਵੇ
ਤੈਨੂੰ ਮਿਲਨ ਦਾ ਹੋਵੇ ਅਸਰਾਰ ਪੈਦਾ।

ਉਧਰ ਸਾਵਨ 'ਚ ਪੁੰਗਰਨ ਫੁੱਲ ਬੂਟੇ
ਇਧਰ ਪੁੰਗਰੇ ਤੇਰਾ ਪਿਆਰ ਚੰਨਾ।

ਇਸ ਰੁਤ ਵਿਚ ਰਹਿ ਕੇ ਦੂਰ ਸਾਥੋਂ
ਸਾਨੂੰ ਜੀਉਂਦਿਆਂ ਦੇਏਂ ਨਾ ਮਾਰ ਚੰਨਾ।

ਮੀਂਹ ਜੋਰ ਦਾ ਵਰ ਕੇ ਹਟ ਜਾਨਾ
ਰਾਤ ਤਾਰਿਆਂ ਨੇ ਝਿਲਮਿਲ ਲਾ ਦੇਣੀ।

ਉਤੋਂ ਚਲਨੀ ਐਸੀ ਹਵਾ ਠੰਡੀ
ਸੁੱਤੀ ਹੋਈ ਉਮੰਗ ਜਗਾ ਦੇਣੀ।

ਸਾਡੇ ਦਿਲ ਨੂੰ ਆਣ ਕੇ ਕੋਈ ਪੁਛੇ
ਸਾਨੂੰ ਆਂਦੀ ਕੀ ਚੰਨ ਦੀ ਚਾਨਣੀ ਏ।

ਫੜ ਕੇ ਮੰਜੀ ਦੀ ਬਾਹੀ ਨੂੰ ਅਸਾਂ ਰੋਣਾ
ਭਾਗਾਂ ਵਾਲਿਆਂ ਨੇ ਮੌਜ ਮਾਨਣੀ ਏ।

ਸਰਦੀ ਗਰਮੀ ਤੇ ਕਿਸ ਤਰ੍ਹਾਂ ਕੱਟ ਲਵਾਂ
ਸਾਥੋਂ ਕੱਟੀ ਨਾ ਜਾਏ ਬਰਸਾਤ ਚੰਨਾ।

ਨਾ ਨੀਂਦ ਆਵੇ ਨਾ ਚੈਨ ਆਵੇ
ਹੌਕੇ ਭਰਦੀ ਆਂ ਸਾਰੀ ਰਾਤ ਚੰਨਾ।

ਘਟਾ ਕਾਲੀ ਅਸਮਾਨ ਤੇ ਛਾ ਗਈ ਏ
ਮੀਂਹ ਜ਼ੋਰ ਦਾ ਗਿਆ ਹੈ ਵਸ ਚੰਨਾ।

ਤੇਰੀ ਯਾਦ ਨੇ ਐਸੀ ਅੰਗੜਾਈ ਲੀਤੀ
ਮੇਰੀ ਜਿੰਦ ਨੂੰ ਪੈ ਗਿਆ ਕਸ ਚੰਨਾ।

ਰੁਤ ਸਾਵਨ ਦੀ ਚੰਦਰੀ ਕੀ ਆਈ
ਸੁੱਤੇ ਹੋਏ ਅਰਮਾਨ ਜਗਾ ਗਈ ਏ।

ਠੰਡ ਪਾਉਣ ਦੀ ਥਾਂ ਤੇ ਏ ਉਲਟਾ
ਸਾੜ ਸੀਨੇ ਵਿਚ ਹੋਰ ਭੀ ਲਾ ਗਈ ਏ।

## ਨਜ਼ਮ

(ਮੇਰੀ ਪਹਿਲੀ ਪਤਨੀ ਆਸ਼ਾ ਦੇ ਨਾਂ)

ਪਿਆਰ ਦਾ ਕੀ ਮਤਲਬ ਹੁੰਦਾ ਦੋਨੋਂ ਸੀ ਅਨਜਾਣ।
ਅਜੇ ਤੇ ਇਕ ਦੂਜੇ ਦੀ ਅਸੀਂ ਕਰਨੀ ਸੀ ਪਛਾਣ।

ਅਜੇ ਤੇ ਆਸ਼ਾ ਤੂੰ ਆਪਣੀ ਰੀਝ ਕੋਈ ਨਾ ਲਾਹੀ।
ਜ਼ਿੰਦਗੀ ਨੇ ਤੇਰੇ ਨਾਲ ਕੀਤੀ ਬੇਵਫਾਈ।

ਅਜੇ ਨਾ ਤੈਨੂੰ ਰੁਸਨਾ ਆਇਆ ਨਾ ਸੀ ਮੈਨੂੰ ਮਨਾਉਣਾ।
ਪਤਾ ਨਹੀਂ ਸੀ ਏਡੀ ਛੇਤੀ ਤੂੰ ਸੀ ਤੁਰ ਜਾਣਾ।

ਨਾ ਸੀ ਤੂੰ ਕੁਝ ਮੰਗਿਆ ਮੈਥੋਂ ਨਾ ਸੀ ਮੈਂ ਲਿਆਇਆ।
ਨਾ ਸੀ ਤੇਰੇ ਚਾਹ ਦੇ ਉਤੇ ਪਿਆਰ ਦਾ ਰੰਗ ਚੜ੍ਹਾਇਆ।

ਪਤਾ ਨਹੀਂ ਏ ਰਬ ਨੇ ਕਿਉਂ ਵਰਤਾਇਆ ਭਾਣਾ।
ਸੁਪਨੇ ਵਾਂਗ ਤੂੰ ਆ ਕੇ ਆਸ਼ਾ ਸੁਪਨਾ ਹੀ ਹੋ ਜਾਣਾ।

ਮੇਰੇ ਬੀਵੀ ਬੱਚੇ ਹੈਗੇ ਮੈਂ ਦੁਨੀਆਂ ਨਵੀਂ ਵਸਾਈ।
ਤੇਰੀ ਯਾਦ ਭੀ ਦਿਲ ਦੇ ਅੰਦਰ ਹਰ ਦਮ ਰਹੀ ਸਮਾਈ।

## ਪੂਜਿਆ ਪਿਤਾ ਜੀ

ਮੈਂ ਪਰਦੇਸਾਂ ਵਿਚ ਰਿਹਾ ਕੋਲ ਨਾ ਸਕਿਆ ਆ।
ਜਾਂਦੀ ਵਾਰ ਤੁਹਾਡੇ ਮੈਂ ਦਰਸ਼ਨ ਨਾ ਸਕਿਆ ਪਾ।

ਪਤਾ ਨਹੀਂ ਆਖਰੀ ਵੇਲੇ ਕੀ ਸੀ ਦਿਲ ਵਿਚ ਖਿਆਲ,
ਕਿੰਨਾ ਦੁਖ ਹੋਇਆ ਹੋਣਾ ਜਦ ਬੇਟਾ ਨਹੀਂ ਸੀ ਨਾਲ।

ਮੇਰੀ ਖੁਸ਼ੀਆਂ ਦੀ ਖਾਤਰ ਤੁਸੀਂ ਕੀ ਕੁਝ ਨਹੀਂ ਸੀ ਕੀਤਾ,
ਮੇਰੇ ਹਰ ਦੁੱਖ ਨੂੰ ਤੁਸਾਂ ਨੇ ਆਪਣੇ ਸਿਰ ਤੇ ਲੀਤਾ।

ਸਾਰੀ ਉਮਰ ਮੈਂ ਹੁਣ ਇਸ ਗਲ ਤੇ ਹੀ ਪਛਤਾਇਆ,
ਨਾ ਕੋਈ ਮੈਥੋਂ ਸੇਵਾ ਹੋਈ ਨਾ ਆਪਣੇ ਪਾਸ ਬੁਲਾਇਆ।

ਸੇਵਾ ਕਰਨ ਦਾ ਮੌਕਾ ਮੈਂ ਸੀ ਹੱਥੋਂ ਗਵਾਇਆ,
ਤੁਹਾਡੇ ਅਹਿਸਾਨਾਂ ਦਾ ਬਦਲਾ ਨਾ ਮੈਥੋਂ ਗਿਆ ਚੁਕਾਇਆ।

ਮਿਹਨਤ ਦੀ ਭੱਠੀ ਵਿਚ ਤਪ ਕੇ ਜ਼ਿੰਦਗੀ ਤੁਸੀਂ ਬਣਾਈ,
ਆਖ਼ਰੀ ਵੇਲੇ ਤਕ ਕੰਮ ਕਰ ਕੇ ਤੁਸੀਂ ਕੀਤੀ ਨੇਕ ਕਮਾਈ।

ਅਣਖ ਦੇ ਨਾਲ ਜੀਣਾ ਦੁਨੀਆਂ ਤੇ ਸਾਨੂੰ ਤੁਸੀਂ ਸਿਖਾਇਆ,
ਮਿਹਨਤ ਕਰ ਕੇ ਰੋਟੀ ਖਾਣੀ ਸਾਨੂੰ ਸੀ ਸਮਝਾਇਆ।

## ਛੋਟੇ ਵੀਰ ਰਾਮਨਾਥ ਦੇ ਨਾਂ

ਜੋ ਬਿਨ ਖਿਲੇ ਮੁਰਝਾ ਗਿਆ ਤੂੰ ਸੀ ਐਸਾ ਫੁੱਲ।
ਅਜੇ ਤੇ ਇਸ ਹੀਰੇ ਦਾ ਪੈਣਾ ਹੈ ਸੀ ਮੁੱਲ।

ਰਿਸ਼ਤੇਦਾਰ ਹੋਰ ਬਥੇਰੇ ਪਰ ਕੋਈ ਨਾ ਤੇਰੇ ਤੁੱਲ
ਪਰਦੇਸ ਜਾਨ ਤੋਂ ਰੁਕਿਆ ਨਾ ਇਹ ਸੀ ਸਾਡੀ ਭੁੱਲ।

ਰਾਮ ਤੇਰੇ ਜਾਣ ਨਾਲ ਮਾਂ ਪਿਓ ਗਏ ਸੀ ਰੁਲ
ਆਸ ਉਮੀਦ ਦੇ ਸਭ ਦੀਪਕ ਹੋਏ ਸੀ ਗੁਲ।

ਮਾਂ ਪਿਓ ਦੇ ਹੁੰਦਿਆਂ ਹੋਇਆਂ ਬੇਟਾ ਨਾ ਤੁਰ ਜਾਏ
ਐਸਾ ਦੁੱਖ ਕਿਸੇ ਨੂੰ ਰੱਬ ਨਾ ਕਦੀ ਦਿਖਾਏ।

ਇਕਠਿਆਂ ਕਰ ਕੇ ਦੋਸਤਾਂ ਨੂੰ ਆਪ ਹੀ ਮਤਾ ਪਕਾਇਆ
ਕਲਕੱਤੇ ਵਿਚ ਜਗਨ ਘਾਟ ਤੇ ਮਾਘੀ ਨਹਾਉਣ ਸੀ ਆਇਆ।

ਛਾਲ ਮਾਰੀ ਜਦ ਪਾਣੀ ਅੰਦਰ ਵਰਤ ਗਿਆ ਕੀ ਭਾਣਾ
ਪਾਣੀ ਵਿਚ ਜਾ ਕੇ ਫਿਰ ਬਾਹਰ ਨਾ ਹੋਇਆ ਆਣਾ।

ਪਤਾ ਨਹੀਂ ਕੁਦਰਤ ਨੇ ਕੀ ਸੀ ਖੇਲ ਖਿਲਾਉਣਾ
ਭਰੀ ਜਵਾਨੀ ਦੇ ਵਿਚ ਮੇਰੇ ਰਾਮ ਸੀ ਤੂੰ ਤੁਰ ਜਾਣਾ।

## ਪੂਜਿਆ ਮਾਂ ਦੇ ਨਾਂ

ਮਾਂ ਮੇਰੀ ਦਾ ਸਿਰ ਦੇ ਉਤੇ ਜਦ ਤਕ ਰਿਹਾ ਸੀ ਛਾਇਆ।
ਹਰ ਮੁਸ਼ਕਲ ਹਰ ਆਫਤ ਤੋਂ ਮੈਨੂੰ ਸੀ ਬਚਾਇਆ।

ਜੇ ਕਿੱਧਰੇ ਮੈਂ ਰੁਸ ਜਾਵਾਂ ਚੈਨ ਨਾ ਉਸ ਨੂੰ ਆਵੇ,
ਘੁੱਟ ਕੇ ਲਾ ਕੇ ਨਾਲ ਆਪਣੇ ਮੈਨੂੰ ਪਈ ਮਨਾਵੇ।

ਭੁੱਖਾ ਜੇ ਕਿਧਰੇ ਸੌਂ ਜਾਵਾਂ ਆਪ ਭੀ ਭੁੱਖੀ ਰਹਿੰਦੀ,
ਇਕ ਗਰਾਹੀ ਭੀ ਰੋਟੀ ਦੀ ਮੂੰਹ ਦੇ ਵਿਚ ਨਾ ਪੈਂਦੀ।

ਮਾਵਾਂ ਠੰਡੀਆਂ ਛਾਵਾਂ ਹੁੰਦੀਆਂ ਠੀਕ ਸਿਆਣੇ ਕਹਿ ਗਏ,
ਰੁੰਡ ਮੁੰਡ ਰੁੱਖ ਉਹ ਹੁੰਦਾ ਜੋ ਬਿਨ ਮਾਂ ਤੋਂ ਹੈ ਰਹਿ ਗਏ।

ਮਾਂ ਦਾ ਰਿਸ਼ਤਾ ਐਸਾ ਰਿਸ਼ਤਾ ਜੋ ਦੇ ਕੇ ਕੁਝ ਨਾ ਲੈਂਦੀ,
ਦੁਖ ਭੀ ਜੇ ਕਰ ਬੇਟਾ ਦੇਵੇ ਸੀਸਾਂ ਫਿਰ ਵੀ ਦਿੰਦੀ।

ਮਾਂ ਦੇ ਅਹਿਸਾਨਾਂ ਦਾ ਬਦਲਾ ਨਾ ਕਿਸੇ ਤੋਂ ਗਿਆ ਚੁਕਾਇਆ,
ਰੱਬ ਤੋਂ ਬਾਅਦ ਇਸ ਦੁਨੀਆਂ ਤੇ ਮਾਂ ਦਾ ਨਾਂ ਹੈ ਆਇਆ।

## ਗੀਤ

ਹਲਕਾ ਗੁਲਾਬੀ ਉਸ ਦੇ ਚੇਹਰੇ ਦਾ ਰੰਗ ਹੈ।
ਸੰਗਮਰਮਰ ਦਾ ਉਹਦਾ ਅੰਗ ਅੰਗ ਹੈ।

ਸ਼ਾਇਰ ਦੀ ਹੈ ਗ਼ਜ਼ਲ ਜਾਂ ਹੈ ਕੱਦ ਉਸ ਦਾ
ਸੀਨਾ ਹੈ ਖੁੱਲਾ ਕਾਫੀਆ ਪਰ ਕਮਰ ਤੰਗ ਹੈ।

ਜੋਬਨ ਦਾ ਭਾਰ ਉਸ ਤੋਂ ਨਾ ਜਾਏ ਸਹਾਰਿਆ
ਤੁਰਦੀ ਹੈ ਜਿਵੇਂ ਕੋਈ ਕਟੀ ਪਤੰਗ ਹੈ।

ਧਰਤੀ ਦਾ ਚੱਪਾ ਚੱਪਾ ਯਾਰੋ ਮਹਿਕ ਉਠਦਾ
ਇਕ ਬਾਰ ਜਿਥੋਂ ਉਹ ਗਈ ਲੰਘ ਹੈ।

ਸ਼ਰਬਤੀ ਅੱਖਾਂ ਦੇ ਵਿਚ ਐਸਾ ਖੁਮਾਰ ਹੈ
ਪੀਤੀ ਹੋਈ ਜਿਵੇਂ ਕਿਸੇ ਨੇ ਭੰਗ ਹੈ।

ਮਖਮਲੀ ਬਦਨ ਦੇ ਉਤੇ ਹੈ ਹਥ ਤਿਲਕਦਾ
ਉਹਨੂੰ ਦੇਖ ਕੇ ਦਿਲਾਂ ਦੇ ਵਿਚ ਉਠਦੀ ਉਮੰਗ ਹੈ।

ਉਹਦੇ ਹੁਸਨ ਦਾ ਜਾਦੂ ਹਰ ਇੱਕ ਤੇ ਚਲ ਗਿਆ
'ਕਿਦਾਰ' ਜੋ ਭੀ ਦੇਖਦਾ ਹੋ ਜਾਏ ਦੰਗ ਹੈ।

## ਨਜ਼ਮ

ਇਨਸਾਨ ਦਾ ਦਿਲ ਕਦੀ ਪੱਥਰ ਦਾ ਹੋਇਆ ਨਹੀਂ।
ਚੋਟ ਖਾ ਕੇ ਗ਼ਮ ਦੀ ਪੱਥਰ ਕਦੀ ਰੋਇਆ ਨਹੀਂ।

ਲੋਕਾਂ ਨੇ ਇਸ ਨੂੰ ਪਰ ਏਨਾ ਸਤਾਇਆ ਹੈ
ਸੱਟਾਂ ਮਾਰ ਕੇ ਇਸ ਤੇ ਇਹਨੂੰ ਪੱਥਰ ਬਣਾਇਆ ਹੈ।

ਦੁਨੀਆਂ ਵਿਚ ਫਿਰ ਤੈਨੂੰ ਬਦਨਾਮ ਕਰਦੇ ਨੇ
ਪੱਥਰ ਦਿਲ ਦਾ ਤੇਰੇ ਤੇ ਇਲਜ਼ਾਮ ਧਰਦੇ ਨੇ।

ਈਸ਼ਵਰ ਨੇ ਤੇ ਬੰਦੇ ਦਾ ਦਿਲ ਕੋਮਲ ਬਣਾਇਆ ਹੈ
ਰਹਿਮ ਪਿਆਰ ਦਾ ਜਜ਼ਬਾ ਕੁਟ ਕੁਟ ਕੇ ਪਾਇਆ ਹੈ।

ਦੇਣੀ ਹੈ ਕਿਸੇ ਨੂੰ ਬੇਸ਼ਕ ਆਪਣੀ ਜਾਨ ਦੇ ਦੇਣਾ
ਪਰ ਭੁੱਲ ਕੇ ਕਿਸੇ ਨੂੰ ਆਪਣਾ ਦਿਲ ਨਾ ਦੇ ਬਹਿਣਾ।

ਖਿਲੌਣਾ ਸਮਝ ਕੇ ਉਹ ਇਸ ਦੇ ਨਾਲ ਖੇਲਣਗੇ
ਦਿਲ ਭਰ ਗਿਆ ਤੇ ਫੇਰ ਕੋਈ ਹੋਰ ਦੇਖਣਗੇ।

ਆਪਣੇ ਇਸ਼ਾਰੇ ਤੇ ਉਹ ਇਸ ਨੂੰ ਨਚਾਵਣਗੇ
ਕਦੀ ਇਸ ਨੂੰ ਹਸਾਵਣਗੇ ਕਦੀ ਇਸ ਨੂੰ ਰੁਆਵਣਗੇ।

ਕਦੀ ਪਿਆਰ ਦੇ ਨਾਲ ਇਹਨੂੰ ਗਲ ਨਾਲ ਲਾਵਣਗੇ
ਕਦੀ ਮਾਰ ਕੇ ਠੋਕਰ ਇਹਨੂੰ ਪਰਾਂ ਹਟਾਵਣਗੇ।

ਬੜਾ ਬੇਦਰਦ ਏ ਜ਼ਾਲਮ ਜ਼ਮਾਨਾ ਹੈ
ਕਬਜ਼ਾ ਦਿਲ ਤੇ ਕਰਨਾ ਬਸ ਇਹਦਾ ਨਿਸ਼ਾਨਾ ਹੈ।

ਕਿਸੇ ਤੇ ਭੁੱਲ ਕੇ ਭੀ ਕਦੀ ਇਤਬਾਰ ਨਾ ਕਰਨਾ।
ਬਰਬਾਦ ਅਪਣੀ ਜ਼ਿੰਦਗੀ 'ਕਿਦਾਰ' ਨਾ ਕਰਨਾ।

## ਗ਼ਜ਼ਲ

ਮੈਂ ਰਾਤ ਨੂੰ ਯਾਰੋ ਕਦੀ ਤਾਰੇ ਨਹੀਂ ਦੇਖੇ।
ਚੰਨ ਦੀ ਚਾਨਣੀ ਦੇ ਨਜ਼ਾਰੇ ਨਹੀਂ ਦੇਖੇ।

ਮੈਂ ਏਅਰ ਕੰਨਡੀਸ਼ਨ ਲਾ ਕੇ ਕਮਰੇ ਵਿਚ ਸੌਨਾ ਹਾਂ,
ਕਦੀ ਤਾਜ਼ੀ ਹਵਾ ਦੇ ਹੁਲਾਰੇ ਨਹੀਂ ਦੇਖੇ।

ਹੁਣ ਤੇ ਛੱਤਾਂ ਕੋਠੇ ਸਭ ਸੁੰਨੇ ਹੋ ਗਏ ਯਾਰੋ,
ਮੁਟਿਆਰਾਂ ਦੀ ਰੌਣਕਾਂ ਨਾਲ ਭਰੇ ਚੁਬਾਰੇ ਨਹੀਂ ਦੇਖੇ।

ਟੀ. ਵੀ. ਨੇ ਲੋਕਾਂ ਨੂੰ ਹੈ ਵੱਖ ਕਰ ਦਿਤਾ,
ਪਹਿਲੇ ਵਰਗੇ ਹੁਣ ਕਦੀ ਭਾਈ ਚਾਰੇ ਨਹੀਂ ਦੇਖੇ।

ਪੈਸੇ ਦੀ ਭਰਮਾਰ ਬਹੁਤ ਹੋ ਗਈ ਫਿਰ ਭੀ,
ਲੋਕਾਂ ਦੇ ਹੁੰਦੇ ਫਿਰ ਭੀ ਗੁਜ਼ਾਰੇ ਨਹੀਂ ਦੇਖੇ।

ਹਰ ਚੇਹਰੇ ਉਤੇ ਅੱਜ ਫਿਕਰਾਂ ਦੀ ਧੂੜ ਹੈ,
ਸ਼ੋਖੀ ਦੇ ਫੁਟਦੇ ਝਲਕਾਰੇ ਹੋਏ ਨਹੀਂ ਦੇਖੇ।

ਕੁਝ ਕਰਨ ਦਾ ਜਜਬਾ ਜਿਨਾ ਦੇ ਦਿਲ 'ਚ ਰਹਿੰਦਾ ਹੈ,
ਕਿਸਮਤ ਦੇ ਹਥੋਂ ਉਹ ਕਦੀ ਹਾਰੇ ਨਹੀਂ ਦੇਖੇ।

ਮਿਲਨ ਦੀ ਵਿਹਲ ਅਜ ਕਿਸ ਨੂੰ 'ਕਿਦਾਰ' ਹੈਗੀ ਏ,
ਬਹੁਤ ਚਿਰ ਹੋ ਗਿਆ ਆਪਣੇ ਪਿਆਰੇ ਨਹੀਂ ਦੇਖੇ।

## ਗ਼ਜ਼ਲ

ਮੈਂ ਲਿਖਣੇ ਨਹੀਂ ਹੁਣ ਗਰਦਨ ਸੁਰਾਈਦਾਰ ਦੇ ਕਿੱਸੇ।
ਮੈਂ ਲਿਖਾਂਗਾ ਹੁਣ ਢਾਲ ਤੇ ਤਲਵਾਰ ਦੇ ਕਿੱਸੇ।

ਜੋ ਪੈਦਾ ਜੋਸ਼ ਕਰ ਦੇਵੇ ਜਵਾਨਾਂ ਦੇ ਦਿਲਾਂ ਅੰਦਰ,
ਹੁਣ ਲਿਖਣੇ ਵੀਰ ਰਸ ਜਾਂ ਦੇਸ਼ ਪਿਆਰ ਦੇ ਕਿੱਸੇ।

ਹੁਣ ਮੈਹਖਾਨੇ ਤੇ ਸਾਕੀ ਦੀ ਨਹੀਂ ਕੋਈ ਗੱਲ ਕਰਨੀ ਹੈ,
ਬਹੁਤ ਲਿਖੇ ਗਏ ਯਾਰੋ ਗੁਲੋ ਗੁਲਜ਼ਾਰ ਦੇ ਕਿੱਸੇ।

ਜੋ ਰੋਟੀ ਦੇ ਟੁਕੜੇ ਤੋਂ ਅਜੇ ਭੀ ਤਰਸਦੇ ਹੈਗੇ,
ਮੈਂ ਲਿਖਣੇ ਓਨਾ ਬੱਚਿਆਂ ਦੀ ਹਾਲਤ ਜ਼ਾਰ ਦੇ ਕਿੱਸੇ।

ਜੋ ਕਰ ਕੇ ਘੁਟਾਲੇ ਦੇਸ਼ ਨੂੰ ਹੈ ਖਾ ਗਏ ਯਾਰੋ,
ਮੈਂ ਲਿਖਣੇ ਉਹਨਾਂ ਨੇਤਾਂ ਦੇ ਭਰਸ਼ਟਾਚਾਰ ਦੇ ਕਿੱਸੇ।

ਜੋ ਪੈਸੇ ਪਿਛੇ ਕਤਲ ਕਰ ਦੇ ਬੇਗੁਨਾਹਾਂ ਨੂੰ,
ਉਨ੍ਹਾਂ ਜ਼ਾਲਮਾਂ ਦੇ ਲਿਖਣੇ ਅਤਿਆਚਾਰ ਦੇ ਕਿੱਸੇ।

ਜੋ ਕੁਰਸੀ ਦੀ ਖਾਤਰ ਧਰਮ ਤੇ ਇਮਾਨ ਛੱਡਦੇ ਨੇ,
ਲਿਖਣੇ ਉਹਨਾਂ ਲੋਕਾਂ ਦੇ ਹੁਣ 'ਕਿਦਾਰ' ਨੇ ਕਿੱਸੇ।

## ਰੁਬਾਈ

ਮੈਂ ਤੇ ਕਸਮ ਖਾ ਲਈ ਸੀ ਉਮਰ ਭਰ ਨਾ ਪੀਣ ਦੀ
ਬਣ ਕੇ ਸੂਫੀ ਦੋਸਤੋ ਜ਼ਿੰਦਗੀ ਭਰ ਜੀਣ ਦੀ।
ਅੱਖਾਂ 'ਚ ਪਾ ਕੇ ਅੱਖਾਂ ਸਾਕੀ ਨੇ ਇਦਾਂ ਦੇਖਿਆ
ਡੋਲਿਆ ਇਮਾਨ ਮੇਰਾ ! ਸੁਧ ਰਹੀ ਨਾ ਦੀਨ ਦੀ।

## ਓਲਡ ਗੋਲਡ

ਅਜੇ ਭੀ ਤੈਨੂੰ ਦੇਖ ਦੇਖ ਕੇ ਜੀ ਨਹੀਂ ਸਾਡਾ ਭਰਦਾ ਹੈ।
ਅਜੇ ਭੀ ਸਾਡਾ ਜੀ ਅੜੀਏ ਪਿਆਰ ਕਰਨ ਨੂੰ ਕਰਦਾ ਹੈ।

ਅਜੇ ਭੀ ਤੇਰੇ ਨਖਰੇ ਮੂਹਰੇ ਮੁਟਿਆਰਾਂ ਪਾਣੀ ਭਰਦੀਆਂ ਨੇ
ਅਜੇ ਭੀ ਵਿਚ ਤਰਜਨਾ ਅੰਦਰ ਤੇਰੀਆਂ ਗੱਲਾਂ ਕਰਦੀਆਂ ਨੇ।

ਅਜੇ ਭੀ ਤੇਰਾ ਤੁਰਦੀ ਦਾ ਲੱਕ ਹੁਲਾਰੇ ਖਾਂਦਾ ਹੈ
ਅਜੇ ਭੀ ਤੈਥੋਂ ਜੋਬਨ ਦਾ ਭਾਰ ਨਾ ਸਾਂਭਿਆਂ ਜਾਂਦਾ ਹੈ।

ਬੇਸ਼ਕ ਤੇਰੇ ਬਾਲਾਂ ਦੇ ਵਿਚ ਚਾਂਦੀ ਉਤਰ ਆਈ ਹੈ
ਫਿਰ ਭੀ ਤੇਰੇ ਹੁਸਨ ਦੀ ਅੜੀਏ ਲੋਕੀ ਦੇਣ ਦੁਹਾਈ ਹੈ।

ਅਜੇ ਭੀ ਓਲਡ ਗੋਲਡ ਵਾਂਗੋਂ ਹੋਰ ਭੀ ਸੋਹਣੀ ਲਗਦੀ ਏਂ
ਅਜੇ ਭੀ ਹਲਕੇ ਰੰਗ ਦੀ ਸਾੜ੍ਹੀ ਤੇਰੇ ਉਤੇ ਫਬਦੀ ਏ।

ਅਜੇ ਭੀ ਤੇਰੀਆਂ ਅੱਖਾਂ ਅੰਦਰ ਖਿੱਚ ਬੜੀ ਹੈ ਲੋੜ੍ਹੇ ਦੀ
ਅਜੇ ਭੀ ਸਾਨੂੰ ਇਦਾਂ ਲਗੇ ਬੋਤਲ ਪਹਿਲੇ ਤੋੜੇ ਦੀ।

## ਗ਼ਜ਼ਲ

ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।
ਐਸਾ ਕੋਈ ਨਾ ਮਿਲਿਆ ਦਰਦੀ ਜੋ ਦਿਲ ਦੀ ਰਮਜ਼ ਪਛਾਣੇ।

ਇਕ ਪਲ ਭੀ ਚੈਨ ਨਾ ਆਇਆ ਸੱਜਣ ਦੂਰ ਜਦ ਹੋਏ,
ਆਪ ਹੀ ਸਾਨੂੰ ਪੈ ਗਏ ਯਾਰੋ ਰੁਠੜੇ ਯਾਰ ਮਨਾਣੇ।

ਕਿਸੇ ਨਾ ਦਿਤਾ ਯਾਰ ਦਿਲਾਸਾ ਕਿਸੇ ਨਾ ਹੰਝੂ ਪੂੰਝੇ,
ਨਿਓ ਨਾ ਲੱਗਦਾ ਜ਼ੋਰ ਬਿਗਾਨੇਂ ਕਹਿ ਗਏ ਸੱਚ ਸਿਆਣੇ।

ਦਿਲ ਦਾ ਲਾਉਣਾ ਸੌਖਾ ਨਹੀਂ ਹੈ ਡਾਹਢਾ ਕੰਮ ਹੈ ਔਖਾ,
ਜਾਨ ਤਲੀ ਦੇ ਉਤੇ ਧਰ ਕੇ ਪੈਂਦੇ ਕੌਲ ਨਿਭਾਣੇ।

'ਕਿਦਾਰ' ਪਿਆਰ ਜੇ ਸੱਚਾ ਤੇਰਾ ਫਿਰ ਤੂੰ ਕਿਉਂ ਘਬਰਾਏਂ,
ਸੱਜਣ ਆਪੇ ਮਿਲਣਗੇ ਤੈਨੂੰ ਦਿਲ ਨੂੰ ਰੱਖ ਟਿਕਾਣੇ।

## ਗ਼ਜ਼ਲ

ਲੜਾਈ ਝਗੜਿਆਂ ਵਿਚ ਨਾ ਮਸਲਾ ਹੋਏ ਹੱਲ।
ਪਿਆਰ ਮੁਹੱਬਤ ਦੀ ਕੋਈ ਬਹਿ ਕੇ ਕਰੀਏ ਗੱਲ।

ਉਬਲਦਾ ਪਾਣੀ ਤੇ ਛਾਲੇ ਦਿੰਦਾ ਹੈ ਪਾ,
ਪਿਆਸ ਬੁਝਾਉਂਦਾ ਦੋਸਤੋ ਠੰਡਾ ਸੀਤਲ ਜਲ।

ਜੇ ਤੂੰ ਮਨ ਦੀ ਸ਼ਾਂਤੀ ਲਈ ਲੱਭਦਾ ਕੋਈ ਉਪਾਏ,
ਛੱਡ ਦੇ ਥਾਂ ਥਾਂ ਭਟਕਣਾ ਦਰ ਇਕ ਦਾ ਤੂੰ ਮੱਲ।

ਪਤਾ ਨਹੀਂ ਮੌਤ ਨੇ ਕਦ ਜਾਣਾ ਹੈ ਆ,
ਰੱਬ ਦੇ ਲੇਖੇ ਲਾ ਦੇ ਜ਼ਿੰਦਗੀ ਦਾ ਹਰ ਪਲ।

ਜੇ ਤੂੰ ਇਹ ਸਮਝਦਾ ਕੁਝ ਨਹੀਂ ਜਾਣਾ ਨਾਲ,
ਫਿਰ ਕਿਉਂ ਕਰਦਾ ਫਿਰਦਾ ਹਰ ਇਕ ਨਾਲ ਤੂੰ ਛਲ।

ਦੁੱਖ ਭੀ ਜੇ ਕਰ ਆ ਜਾਵੇ ਨਾ ਹੋ ਤੂੰ ਦਿਲਗੀਰ,
ਸਬਰ ਸ਼ਾਂਤੀ ਦਾ ਬੜਾ ਹੁੰਦਾ ਹੈ ਮਿੱਠਾ ਫਲ।

ਨਿਮ ਕੇ ਰਹਿਣਾ ਸਿਖ ਲੈ ਦੁਨੀਆਂ ਵਿਚ 'ਕਿਦਾਰ'
ਨਾ ਤੂੰ ਵਿਚ ਘੁਮੰਡ ਦੇ ਆਕੜ ਆਕੜ ਚੱਲ।

ਨਜ਼ਮ
(ਕਾਰਗਲ ਦੇ ਸ਼ਹੀਦਾਂ ਨੂੰ ਪਰਨਾਮ)

ਕਾਰਗਲ ਦੇ ਸ਼ਹੀਦਾਂ ਨੂੰ ਸਾਡਾ ਹੈ ਪਰਨਾਮ
ਦੇਸ਼ ਦੀ ਖਾਤਰ ਲੜਦੇ ਜਿਹੜੇ ਉਨ੍ਹਾਂ ਨੂੰ ਲਖ ਸਲਾਮ।

ਵੀਰ ਜਵਾਨ ਦਾ ਬਕਸਾ ਜਦ ਫੌਜੀਆਂ ਆ ਕੇ ਧਰਿਆ
ਭੁੱਬਾਂ ਮਾਰ ਕੇ ਰੋ ਪਏ ਸਾਰੇ ਦੁੱਖ ਗਿਆ ਨਾ ਜਰਿਆ।

ਬਕਸਾ ਤਰੰਗੇ ਵਿਚ ਲਿਪਟਿਆ ਉਤੇ ਜਵਾਨ ਦੀ ਟੋਪੀ
ਏ ਕੀ ਭਾਣਾ ਵਰਤ ਗਿਆ ਏ ਕੀ ਹੋਈ ਕਰੋਪੀ।

ਚੀਖਾਂ ਪਈਆਂ ਸਾਰੇ ਪਿੰਡ ਵਿਚ ਹੋਸ਼ ਸੀ ਸਭ ਨੇ ਖੋਏ
ਹੰਝੂਆਂ ਦੇ ਨਾਲ ਵੇਹੜਾ ਭਰਿਆ ਗਲੀਆਂ ਦੇ ਕੱਖ ਰੋਏ।

ਕ਼ਿਸੇ ਦਾ ਉਹ ਬੇਟਾ ਸੀ ਕਿਸੇ ਦੇ ਸਿਰ ਦਾ ਸਾਂਈ
ਕਿਸੇ ਭੈਣ ਦਾ ਵੀਰ ਸੀ ਉਹ ਕਿਸੇ ਦੇ ਸੀ ਉਹ ਭਾਈ।

ਦੁਸ਼ਮਨ ਨੂੰ ਲਲਕਾਰ ਦਾ ਹੋਇਆ ਵੀਰ ਗਤੀ ਉਸ ਪਾਈ
ਜਾਨ ਦੀ ਨਹੀਂ ਪਰਵਾਹ ਕੀਤੀ ਉਸ ਦੇਸ਼ ਦੀ ਆਨ ਬਚਾਈ।

ਘਾਤ ਲਗਾ ਕੇ ਦੁਸ਼ਮਨ ਬੈਠਾ ਗੋਲੀਆਂ ਪਿਆ ਬਰਸਾਏ
ਖਾ ਖਾ ਕੇ ਸੀਨੇ ਵਿਚ ਗੋਲੀ ਉਪਰ ਚੜਦਾ ਜਾਏ।

ਨਾਪਾਕ ਹੋਈ ਸੀ ਧਰਤੀ ਉਹ ਜਿਥੇ ਦੁਸ਼ਮਨ ਆਨ ਖਲੋਤਾ
ਚੱਪਾ ਚੱਪਾ ਉਸ ਧਰਤੀ ਦਾ ਖ਼ੂਨ ਦੇ ਨਾਲ ਸੀ ਧੋਤਾ।

ਸਾਡੇ ਵੀਰ ਜਵਾਨਾਂ ਦਾ ਸਾਮ੍ਹਣਾ ਕਿਸੇ ਕੀ ਕਰਨਾ
ਦੇਸ਼ ਦੀ ਖਾਤਰ ਜੀਣਾ ਸਿਖਿਆ ਦੇਸ਼ ਦੀ ਖਾਤਰ ਮਰਨਾ।

ਅਸੀਂ ਕਿਸੇ ਨੂੰ ਛੇੜਦੇ ਨਹੀਂ ਹਾਂ ਪਰ ਜੇ ਕੋਈ ਸਾਨੂੰ ਛੇੜੇ
ਉਸ ਨੂੰ ਫਿਰ ਛੱਡਦੇ ਨਹੀਂ ਹਾਂ ਪੁੱਠੇ ਦੇਈਏ ਗੇੜੇ।

ਉਸ ਵੇਲੇ ਨੂੰ ਭੁੱਲ ਗਿਆ ਜਦ ਕੈਦੀ ਲੱਖ ਬਣਾਏ
ਬਿਨਾ ਸ਼ਰਤ ਤੂੰ ਛਡ ਦਿੱਤੇ ਸਨ ਤਾਇਓਂ ਏ ਦਿਨ ਆਏ।

ਚੋਰਾਂ ਵਾਗੋਂ ਆਇਆਂ ਉਦੋ ਚੋਰਾਂ ਵਾਂਗੂ ਨਸਿਆ
ਸਾਮ੍ਹਣੇ ਆ ਕੇ ਕਰੇ ਲੜਾਈ ਏ ਨਹੀਂ ਉਹਨੇ ਸਿਖਿਆ।

ਹੈਰਾਨੀ ਇਸ ਗੱਲ ਦੀ ਹੈਗੀ ਜਦ ਚੋਰਾਂ ਨੇ ਸਨ ਲਾਈ
ਪਤਾ ਲਗਾ ਨਾ ਕਿਸੇ ਨੂੰ ਏਥੇ ਨਾ ਮੱਚੀ ਕੋਈ ਦੁਹਾਈ।

ਇਸ ਕਮੀਨੀ ਹਰਕਤ ਦਾ ਹੋਇਆ ਇਹ ਅਨਜਾਮ
ਸਾਰੀ ਦੁਨੀਆਂ ਵਿਚ 'ਕਿਦਾਰ' ਹੋਇਆ ਉਹ ਬਦਨਾਮ।

ਕਾਰਗਲ ਦੇ ਸ਼ਹੀਦਾਂ ਨੂੰ .....

## ਗ਼ਜ਼ਲ

ਛੁਹਕੇ ਕਦੀ ਤੈਨੂੰ ਡਿਠਾ ਨਹੀਂ
ਪਰ ਅਹਿਸਾਸ ਦਿਲ ਵਿੱਚ ਮੈਂ ਕਰਦਾ ਰਿਹਾਂ।

ਬੰਦ ਅੱਖਾਂ 'ਚ ਤੇਰੀ ਤਸਵੀਰ ਨੂੰ
ਆਪਣੀ ਚਾਹਤ ਦੇ ਰੰਗਾਂ ਨਾਲ ਭਰਦਾ ਰਿਹਾਂ।

ਜਾਨ ਤੋਂ ਵੱਧ ਕੇ ਤੈਨੂੰ ਚਾਹਿਆ ਹੈ ਮੈਂ
ਪਿਆਰ ਤੋਂ ਬਿਨਾਂ ਮੈਨੂੰ ਆਉਂਦਾ ਹੀ ਕੀ ?

ਤੇਰੀ ਹਰ ਇੱਕ ਅਦਾ ਮੈਨੂੰ ਪਿਆਰੀ ਲੱਗੀ
ਤੇਰੀ ਹਰ ਇੱਕ ਅਦਾ 'ਤੇ ਮੈਂ ਮਰਦਾ ਰਿਹਾਂ।

ਕਿਸੀ ਗੱਲ ਦਾ ਕੁੱਝ ਪਤਾ ਤੇ ਲੱਗੇ
ਏਸੇ ਟੋਹ ਵਿੱਚ ਬੈਠੇ ਰਹਿੰਦੇ ਨੇ ਲੋਕ।

ਤੇਰੀ ਯਾਦਾਂ ਨੂੰ ਲੈ ਕੇ ਰਿਹਾ ਦੂਰ ਮੈਂ
ਕੋਲ ਆਣ ਤੋਂ ਤੇਰੇ ਮੈਂ ਡਰਦਾ ਰਿਹਾਂ।

ਦੂਰ ਰਹਿਕੇ ਭੀ ਚੈਨ ਨਾ ਆਇਆ ਮੈਨੂੰ
ਹਿਜ਼ਰ ਦੀ ਅੱਗ ਵਿੱਚ ਮੈਂ ਸੜਦਾ ਰਿਹਾਂ।

ਤਪਸ਼ ਮੇਰੇ ਦਿਲ ਦੀ ਨਾ ਠੰਢੀ ਹੋਈ
ਮੇਰੀਆਂ ਅੱਖਾਂ 'ਚੋਂ ਸਾਵਣ ਬਰਸਦਾ ਰਿਹਾਂ।

ਪਿਆਰ ਨੂੰ ਮੈਂ ਪੂਜਾ ਦਾ ਦਰਜਾ ਦਿੱਤਾ
ਪਿਆਰ ਤੋਂ ਬਿਨਾਂ ਦੁਨੀਆਂ 'ਚ ਕੁੱਝ ਭੀ ਨਹੀਂ।

ਪਿਆਰ ਲਈ ਦੁਨੀਆਂ 'ਚ ਹਰ ਆਦਮੀ
ਉਮਰ ਭਰ 'ਕਿਦਾਰ' ਤਰਸਦਾ ਰਿਹਾ।

# ਆਦਮੀ ਬਣ ਗਿਆ ਸ਼ੈਤਾਨ ਹੈ

ਦੁਨੀਆਂ ਦੇ ਵਿੱਚ ਦੱਸ ਮੇਰੀ ਕੀ ਪਹਿਚਾਣ ਹੈ।
ਆਦਮੀ ਹੀ ਸਭ ਤੋਂ ਵੱਡਾ ਬਣ ਗਿਆ ਸ਼ੈਤਾਨ ਹੈ।

ਹੁਣ ਇਸ ਜੱਗ ਵਿੱਚ ਮੇਰੀ ਕੀ ਲੋੜ ਹੈ
ਹੁਣ ਏਥੇ ਸ਼ੈਤਾਨਾਂ ਦੀ ਦੱਸ ਕੋਈ ਥੋੜ ਹੈ।

ਮੇਰਾ ਕੰਮ ਜੇ ਆਦਮੀ ਇਸ ਤਰ੍ਹਾਂ ਕਰਦਾ ਰਿਹਾ
ਮੇਰਾ ਤੇ ਦੁਨੀਆਂ ਦੇ ਵਿੱਚ ਮਿਟ ਜਾਣਾ ਨਿਸ਼ਾਨ ਹੈ।

ਮੈਂ ਗੁਨਾਹਗਾਰਾਂ ਨੂੰ ਤੇ ਜ਼ਾਲਮਾਂ ਨੂੰ ਹਾਂ ਮਾਰਦਾ
ਇਹ ਤੇ ਮਾਸੂਮਾਂ, ਬੇਗੁਨਾਹਾਂ ਦੀ ਲੈਂਦਾ ਜਾਨ ਹੈ।

ਆਖੋ ਤੇ ਬਣ ਕੇ ਬਿਸਤਰਾ ਕੋਲ ਤੁਹਾਡੇ ਆ ਜਾਵਾਂ
ਅੱਗੇ ਮੇਰੇ ਮਾਲਕੋ ਤੁਹਾਡਾ ਕੀ ਫੁਰਮਾਨ ਹੈ।

ਮੈਨੂੰ ਏਥੇ ਰੱਖਣਾ ਤੇ ਕਹਿ ਦਿਓ ਫੇਰ ਏਸ ਨੂੰ
ਆਦਮੀ ਫਿਰ ਮੁੜਕੇ ਬਣ ਜਾਏ ਇਨਸਾਨ ਹੈ।

ਮੇਰਾ ਸ਼ਿਕਾਰ ਉਹ ਹੈ ਜੋ ਸਜਾ ਦਾ ਹੱਕਦਾਰ ਹੈ
ਇਹ ਤਾਂ ਇੱਕੋ ਝਟਕੇ ਵਿੱਚ ਹਜ਼ਾਰਾਂ ਦੇ ਲੈਂਦਾ ਪਰਾਣ ਹੈ।

ਹੁਣ ਏਥੇ ਰਹਿਣ ਦਾ ਮੇਰਾ ਕੀ ਹਜ ਹੈ
ਮੇਰਾ ਏਥੇ ਰਹਿਣ ਨਾਲ ਹੋ ਰਿਹਾ ਅਪਮਾਨ ਹੈ।

ਵਕਤ ਸੀ ਜਦ ਆਦਮੀ ਡਰਦਾ ਸੀ ਸ਼ੈਤਾਨ ਤੋਂ
ਹੁਣ ਤੇ ਆਦਮੀ ਸ਼ੈਤਾਨ ਤੋਂ ਬਲਵਾਨ ਹੈ।

# ਗੀਤ

ਉਹਦਾ ਦੇਖਕੇ ਝੱਟ ਸ਼ਰਮਾ ਜਾਣਾ
ਅੱਖਾਂ ਨੀਵੀਆਂ ਕਰਕੇ ਹੱਸ ਪੈਣਾ।

ਇਵੇਂ ਲੱਗਦਾ ਪੱਕਣ ਅੰਬ ਲੱਗੇ
ਸ਼ੁਰੂ ਹੋ ਗਿਆ ਉਨ੍ਹਾਂ 'ਚੋਂ ਰਸ ਪੈਣਾ।

ਦਿਲ ਕਰਦਾ ਗਲ ਨੂੰ ਲੱਗਣ ਨੂੰ
ਫਿਰ ਡਰਕੇ ਪਰਾਂ ਨੂੰ ਨੱਸ ਜਾਣਾ।

ਬਾਂਹ ਚੁੱਕ ਕੇ ਉਸ ਅੰਗੜਾਈ ਲੈਣੀ
ਉਹਨੂੰ ਦੇਖਕੇ ਯਾਰੋ ਗਸ਼ ਪੈਣਾ।

ਹੱਥ ਰੱਖਕੇ ਲੱਕ 'ਤੇ ਹਾਏ ਕਹਿਣਾ
ਉਹਦੇ ਲੱਕ ਨੂੰ ਜ਼ਰਾ ਹੈ ਕੱਸ ਪੈਣਾ।

ਫਿਰ ਕਰਕੇ ਇਸ਼ਾਰਾ ਅੱਖਾਂ ਦਾ
ਉਸ ਪਤਾ ਮਿਲਣ ਦਾ ਦੱਸ ਜਾਣਾ।

'ਕਿਦਾਰ' ਦੇ ਮਾਰੂਥਲ ਉਤੇ
ਮੀਂਹ ਖੁਸ਼ੀਆਂ ਦਾ ਹੈ ਵਸ ਪੈਣਾ।

## ਪਿੰਡ ਦੀ ਪਹਿਚਾਣ

ਪਗਡੰਡੀ ਮੇਰੇ ਪਿੰਡ ਨੂੰ ਜਾਂਦੀ ਸੀ ਜੋ
ਮਾਰਕੇ ਟਕੂਏ ਕੀਤੀ ਲਹੂ ਲੁਹਾਨ ਹੈ।

ਉਹ ਸੀ ਰਾਹ ਪਿੰਡ ਦਾ ਪਿੰਡ ਦੀ ਪਹਿਚਾਣ ਸੀ
ਜਿਹਦਾ ਅੱਜ ਦੋਸਤੋ ਮਿਟ ਗਿਆ ਨਿਸ਼ਾਨ ਸੀ।

ਹਰ ਗਲੀ ਪਿੰਡ ਦੀ ਸੁੰਨਸਾਨ ਤੇ ਉਦਾਸ ਸੀ
ਭੂਤਾਂ ਨੇ ਜਿਵੇਂ ਪਿੰਡ ਵਿੱਚ ਕਰ ਲਿਆ ਵਾਸ ਸੀ।

ਹਰੀਆਂ ਭਰੀਆਂ ਕੂਲੀਆਂ ਪਿੰਡ ਦੀਆਂ ਟਾਹਲੀਆਂ
ਬੜੇ ਚਾਵਾਂ ਨਾਲ ਹੱਥੀਂ ਹੈ ਸੀ ਪਾਲੀਆਂ।

ਅੱਜ ਉਨ੍ਹਾਂ ਟਾਹਲੀਆਂ 'ਚੋਂ ਲਹੂ ਹੈਸੀ ਚੋ ਰਿਹਾ
ਪੱਤਾ ਪੱਤਾ ਉਸਦਾ ਮੈਂ ਵੇਖਿਆ ਹੈ ਰੋ ਰਿਹਾ।

ਬੇਦਰਦੀ ਨਾਲ ਕਿਸੇ ਛਾਂਗੀਆਂ ਸੀ ਲਾਗਰਾਂ
ਹਰ ਪਾਸੇ ਵੇਖਿਆ ਮੈਂ ਪੈਂਦੀਆਂ ਸੀ ਚਾਂਗਰਾਂ।

ਹਰੇ ਭਰੇ ਖੇਤ ਮੇਰੇ ਪਿੰਡ ਦਾ ਸ਼ਿੰਗਾਰ ਸੀ
ਹਰੀ ਸ਼ੈਲ ਦਾ ਘੱਗਰਾ ਪਾਕੇ ਖੜੀ ਮੁਟਿਆਰ ਸੀ।

ਘੱਗਰਾ ਅੱਜ ਉਸਦਾ ਹੋਇਆ ਲੀਰਾਂ ਲੀਰ ਸੀ
ਨਫਰਤ ਦੀ ਤਲਵਾਰ ਨਾਲ ਪੱਛਿਆ ਸਰੀਰ ਸੀ।

ਪਿੰਡ ਵਿੱਚੋਂ ਆਵਾਜ਼ ਆਉਂਦੀ ਕੁੱਤਿਆਂ ਦੇ ਰੋਣ ਦੀ
ਭਾਣਾ ਕੋਈ ਵਰਤਿਆ ਹੈ ਇਹ ਨਿਸ਼ਾਨੀ ਹੋਣ ਦੀ।

ਖੂਹ ਦੇ ਮਿੱਠੇ ਪਾਣੀਆਂ ਘੋਲ ਦਿੱਤੀ ਜ਼ਹਿਰ ਹੈ
ਕਿਸ ਐਸੇ ਚੰਦਰੇ ਨੇ ਕੀਤਾ ਐਡਾ ਕਹਿਰ ਹੈ।

ਬੇਲਿਆਂ ਵਿਹੜਿਆਂ 'ਚ ਛਾਵਾਂ ਸੀ ਜਿੱਥੇ ਠੰਢੀਆਂ
ਤੋਤਿਆਂ ਦੀਆਂ ਡਾਰਾਂ ਜਿੱਥੇ ਸੀ ਆ ਕੇ ਬਹਿੰਦੀਆਂ।

ਸਾਰਾ ਸਾਰਾ ਦਿਨ ਜਿੱਥੇ ਹੁੰਦੇ ਰਹਿੰਦੇ ਰਾਗ ਸੀ
ਪਿੰਡ ਮੇਰੇ ਦੇ ਯਾਰੋ ਕਿੰਨੇ ਸੋਹਣੇ ਭਾਗ ਸੀ।

ਮਜਹਬ ਵੱਖ ਵੱਖ ਸੀ ਪਰ ਇੱਜ਼ਤ ਦੇ ਸਾਂਝੀਦਾਰ ਸੀ
ਦੁੱਖ ਸੁੱਖ ਦੀ ਸਾਂਝ ਸੀ ਭਾਈਆਂ ਤੋਂ ਵੱਧਕੇ ਪਿਆਰ ਸੀ।

ਹਰ ਘਰ ਵਿੱਚ ਹੁਣ ਧੂਆਂ ਹੈ ਉਠ ਰਿਹਾ
ਪਿੰਡ ਦੇ ਵਿੱਚ ਵੜਦਿਆਂ ਸਾਹ ਯਾਰੋ ਘੁੱਟ ਰਿਹਾ।

ਆਪਣਾ ਹੀ ਪਿੰਡ ਹੁਣ ਲੱਗ ਰਿਹਾ ਗੈਰ ਹੈ
'ਕਿਦਾਰ' ਆਪਣੇ ਘਰ ਵਿੱਚ ਜਾਨ ਦੀ ਨਹੀਂ ਖੈਰ ਹੈ।

## ਰੁਬਾਈ

ਹਾਂ ਮੈਂ ਤੈਨੂੰ ਪਿਆਰ ਹਾਂ ਕਰਦਾ
ਕਹਿਣ ਤੋਂ ਜਰਾ ਨਾ ਸੰਗਾਂ।
ਨਾ ਮੈਂ ਆਪਣੇ ਪਿਆਰ ਨੂੰ
ਡਰ ਦੀ ਸੂਲੀ ਉਤੇ ਟੰਗਾਂ।
ਬੇਸ਼ਕ ਤੂੰ ਦੂਰ ਹੋ ਗਈ
ਪਰ ਦਿਲ ਤੋਂ ਦੂਰ ਨਾ ਹੋਈ
ਸ਼ਕਲ ਦਿਖਾ ਜਾ ਆਕੇ ਮੈਨੂੰ
ਹੋਰ ਨਾ ਕੁੱਝ ਵੀ ਮੰਗਾਂ।

## ਰੁਬਾਈ

ਦੋ ਦਿਨ ਤੈਨੂੰ ਪਤਾ ਨਹੀਂ ਮੈਂ ਸਦੀਆਂ ਵਾਂਗ ਗੁਜਾਰੇ
ਦੋ ਦਿਨ ਵੀ ਇਹ ਮੈਨੂੰ ਅੜੀਏ ਕੱਟਣੇ ਹੋ ਗਏ ਭਾਰੇ।
ਜਿੱਥੇ ਬਹਿ ਕੇ ਆਪਾਂ ਦੋਨੋਂ ਰੋਜ ਸੀ ਗੱਲਾਂ ਕਰਦੇ
ਉਸ ਥਾਂ ਜਾ ਕੇ ਅੜੀਏ ਮੈਂ ਕਈ ਕਈ ਮਾਰੇ ਫੇਰੇ।

## ਰੁਬਾਈ

ਅਤੰਕਵਾਦ ਦਾ ਦੇਸ਼ ਮੇਰੇ ਨੂੰ
ਐਸਾ ਲੱਗ ਗਿਆ ਰੋਗ
ਹੱਸਦੇ ਖੇਲਦੇ ਪਰਿਵਾਰਾਂ ਵਿੱਚ
ਪੈ ਜਾਂਦਾ ਹੈ ਸੋਗ।
ਮੜ੍ਹੀ ਮਸਾਣੀ ਪੂਜਦੇ ਜਿਹੜੇ
ਉਹ ਮੂਰਖ ਨੇ ਲੋਕ
ਸ਼ਹੀਦ ਹੋਏ ਜੋ ਦੇਸ਼ ਦੀ ਖਾਤਰ
ਉਹ ਪੂਜਣ ਦੇ ਯੋਗ।

## ਗੀਤ

ਗਲ ਨਾਲ ਲੱਗ ਜਾ ਸੱਜਣਾ ਨਾ ਕਰ ਐਨਾ ਹੱਠ
ਰੁੱਸ ਕੇ ਨਾ ਬਹਿ ਤੂੰ ਮੇਰੇ ਲੱਗੇ ਕਲੇਜੇ ਸੱਟ।

ਜੋ ਕਰਨਾ ਹੈ ਛੇਤੀ ਕਰ ਲੈ ਜਿੰਦ ਇਹ ਤੇਰੇ ਹਵਾਲੇ
ਅੱਜ ਤੂੰ ਸਾਰੀ ਦੀ ਸਾਰੀ ਆਪਣੀ ਮੈਨੂੰ ਬਣਾ ਲੈ
ਆਪਣੇ ਦਿਲ ਦੀਆਂ ਸਾਰੀਆਂ ਅੱਜ ਕਸਰਾਂ ਲੈ ਤੂੰ ਕੱਢ।
ਗਲ ਨਾਲ ਲੱਗ ਜਾ......

ਜੱਟੀ ਕਰਦੀ ਹੈਗੀ ਦਿਲੋਂ ਤੇਰੇ ਨਾਲ ਪਿਆਰ
ਸੋਚਾਂ ਤੂੰ ਕੀ ਸੋਚਦਾ ਲੁੱਟ ਲੈ ਮੌਜ ਬਹਾਰ
ਪਹਿਲੇ ਤੋੜ ਦਾ ਜੋਬਨ ਮੇਰਾ ਪੀ ਲੈ ਘਟਾ ਘਟ।
ਗਲ ਨਾਲ ਲੱਗ ਜਾ.....

ਜੋਬਨ ਮੇਰਾ ਐਸਾ ਚੰਨਾ ਜਿਉਂ ਪੱਕੇ ਹੋਏ ਅਨਾਰ
ਇਹਨਾਂ ਦੇ ਉਤੇ ਆਈ ਹੈ ਪੂਰੀ ਤਰ੍ਹਾਂ ਬਹਾਰ
ਸੀਨੇ ਨਾਲ ਲੱਗ ਜਾ ਸੋਹਣਿਆਂ ਪਾਸਾ ਨਾ ਤੂੰ ਵੱਟ।
ਗਲ ਨਾਲ ਲੱਗ ਜਾ....

## ਗ਼ਜ਼ਲ

ਜਦੋਂ ਦਾ ਮਹਿਫਲ 'ਚ ਡਿਠਾ ਤੈਨੂੰ
ਉਸ ਰਾਤ ਮੈਥੋਂ ਨਾ ਸੋਇਆ ਗਿਆ ਹੈ।

ਮੇਰੀ ਸਾਹਾਂ ਦੀ ਮਾਲਾ 'ਚ ਜਿਵੇਂ ਕਿਤੇ
ਤੇਰੀ ਯਾਦਾਂ ਦਾ ਮਣਕਾ ਪਰੋਇਆ ਗਿਆ ਹੈ।

ਦਿਲ ਦੀ ਧੜਕਣ 'ਚ ਤੂੰ ਹੀ ਧੜਕਣੇ ਲੱਗਾ
ਖਿਆਲਾਂ ਦੀ ਦੁਨੀਆਂ 'ਚ ਵਸਣੇ ਲੱਗਾ।

ਮਹਿਸੂਸ ਹੋਣ ਲੱਗਾ ਦਿਲ ਨੂੰ ਐਵੇਂ
ਅੰਗ ਅੰਗ 'ਚ ਕੋਈ ਸਮੋਇਆ ਗਿਆ ਹੈ।

ਪਤਝੜ 'ਚ ਜਿਵੇਂ ਬਹਾਰ ਆ ਗਈ
ਫੁੱਲ ਹੀ ਫੁੱਲ ਚਾਰੋ ਤਰਫ ਖਿੜ ਗਏ।

ਦਿਲ ਦੇ ਮਾਰੂਥਲ 'ਚ ਜਿਵੇਂ ਕਿਤੇ
ਤੇਰੇ ਪਿਆਰ ਦਾ ਬੀਜ ਬੋਇਆ ਗਿਆ ਹੈ।

ਮੈਂ ਹੈਰਾਨ ਹੋਇਆ ਹਾਂ ਇਸ ਗੱਲ ਤੋਂ
ਇਹ ਖੁਸ਼ਬੂ ਕਿੱਥੋਂ ਸੀ ਆਉਣ ਲੱਗੀ।

ਸ਼ਾਇਦ ਚੱਲਦੇ ਚੱਲਦੇ ਪੱਲੂ ਤੇਰਾ
ਮੇਰੇ ਨਾਲ ਕਿੱਧਰੇ ਛੋਹਿਆ ਗਿਆ ਹੈ।

'ਕਿਦਾਰ' ਹੁਣ ਤੇ ਇਹ ਹਾਲਤ ਹੈ ਮੇਰੀ
ਤੇਰੇ ਬਿਨਾ ਜੀਣਾ ਮੁਸ਼ਕਲ ਹੋਇਆ ਹੈ।

ਇਹ ਦਿਲ ਭੀ ਤੇ ਮੇਰਾ ਨਹੀਂ ਕੋਲ ਮੇਰੇ
ਤੇਰੀ ਭਾਲ ਵਿਚ ਕਹੀਂ ਖੋਇਆ ਗਿਆ ਹੈ।

## ਨਜ਼ਮ

ਅਸੀਂ ਕੀ ਕੀਤਾ ਉਹਦੇ ਲਈ
ਇਹ ਕਦੀ ਨਹੀਂ ਸੋਚਿਆ
ਉਸਨੇ ਸਾਡੇ ਲਈ ਕੀ ਕੀਤਾ
ਇਹ ਗਿਲਾ ਕਰਦੇ ਰਹੇ।
ਦਿਲ ਵਿੱਚ ਜੋ ਵਸ ਗਿਆ
ਮੁਸ਼ਕਿਲ ਉਹਨੂੰ ਹੈ ਭੁੱਲਣਾ
ਯਾਦ ਕਰ ਕਰਕੇ ਅਸੀਂ
ਹਉਕੇ ਬਸ ਭਰਦੇ ਰਹੇ।
ਕਿਸ ਤਰ੍ਹਾਂ ਉਹ ਖੁਸ਼ ਰਹੇ
ਇਸ ਤਰ੍ਹਾਂ ਬਸ ਸੋਚਕੇ
ਜਿੱਤੀ ਹੋਈ ਬਾਜੀ ਵੀ
ਅਸੀਂ ਜਾਣ ਕੇ ਹਰਦੇ ਰਹੇ।
ਉਸਨੂੰ ਨਹੀਂ ਪਰਵਾਹ ਸਾਡੀ
ਇਹ ਵੱਖਰੀ ਗੱਲ ਹੈ।
ਅਸੀਂ ਉਹਦੀ ਹਰ ਅਦਾ 'ਤੇ
ਦੋਸਤੋ ਮਰਦੇ ਰਹੇ।
ਆਪਣੇ ਕੀਤੇ ਗੁਨਾਹਾਂ ਤੇ
ਪੜਦਾ ਪਾਉਣ ਲਈ
ਸ਼ੈਤਾਨ ਦੇ ਮੱਥੇ ਤੇ ਆਪਣਾ
ਦੋਸ਼ ਸਭ ਧਰਦੇ ਰਹੇ।

## ਰੁਬਾਈ

ਕਰਕੇ ਮਿਲਣ ਦਾ ਵਾਇਦਾ ਕੋਈ ਵਾਇਦਾ ਭੁਲਾ ਦਿੰਦਾ
ਪਾ ਕੇ ਉਨਾਬੀਆਂ ਕੋਈ ਪੋਟੇ ਘਿਸਾ ਦਿੰਦਾ।

ਕਿਸੇ ਲਈ ਪਿਆਰ ਬਸ ਦੋ ਘੜੀ ਦਾ ਖੇਲ ਹੈ ਯਾਰੋ
ਕੋਈ ਪਿਆਰ ਦੀ ਬਾਜ਼ੀ ਤੇ ਆਪਣੀ ਜਾਨ ਲੈ ਦਿੰਦਾ।

## ਦਿਲ ਦੀ ਧੜਕਣ

ਮੇਰੇ ਦਿਲ ਦੀ ਧੜਕਨ ਦੀ ਕਦੀ ਆਵਾਜ਼ ਸੁਣ ਲੈਂਦਾ।
ਮੇਰੇ ਗਰਮ ਸਾਹਾਂ ਨੂੰ ਆਪਣੇ ਦਿਲ 'ਚ ਥਾਂ ਦਿੰਦਾ।

ਮੇਰੇ ਹੰਝੂਆਂ ਨੂੰ ਜੇ ਕਦੀ ਸ਼ੀਸ਼ਾ ਬਣਾ ਲੈਂਦਾ
ਇਹਦੀ ਹਰ ਬੂੰਦ ਵਿਚ ਆਪਣਾ ਹੀ ਅਕਸ ਪਾ ਲੈਂਦਾ।

ਅਸੀਂ ਤੇ ਜ਼ਿੰਦਗੀ ਭਰ ਪਿਆਰ ਦਾ ਹੀ ਸਬਕ ਸਿਖਿਆ ਹੈ
ਨਾ ਕੁਝ ਹੋਰ ਪੜ੍ਹਿਆ ਹੈ ਨਾ ਕੁਝ ਹੋਰ ਲਿਖਿਆ ਹੈ।

ਆਪਣੇ ਪਿਆਰ ਦਾ ਨਾ ਕਦੀ ਇਜ਼ਹਾਰ ਕੀਤਾ ਹੈ
ਅਸੀਂ ਪਿਆਰ ਕੀਤਾ ਹੈ ਅਸੀਂ ਬਸ ਪਿਆਰ ਕੀਤਾ ਹੈ।

ਇਸ਼ਕ ਦਾ ਰੂਪ ਹੈ ਕੋਈ ਨਾ ਇਸ ਦਾ ਰੰਗ ਹੈ ਕੋਈ
ਨਾ ਇਸ ਦਾ ਨਾ ਕੋਈ ਹੈ ਨਾ ਇਸ ਦੀਂ ਮੰਗ ਹੈ ਕੋਈ।

ਇਹ ਐਸਾ ਪੁਜਾਰੀ ਹੈ ਕਿ ਬਸ ਪੂਜਾ ਹੀ ਕਰਦਾ ਹੈ
ਨਾ ਮੰਗਾਂ ਮੰਗ ਕੇ ਆਪਣੀ ਝੋਲੀ ਨੂੰ ਭਰਦਾ ਹੈ।

ਇਹ ਇਕ ਐਸਾ ਸਾਧੂ ਹੈ ਜੋ ਕੁਝ ਨਾ ਲੈਂਦਾ ਹੈ
ਜਗਾ ਕੇ ਅਲਖ ਬੂਹੇ ਤੇ ਬੱਸ ਇਕ ਸੀਸ ਦਿੰਦਾ ਹੈ।

ਇਸ਼ਕ ਹਰ ਕੋਈ ਨਹੀਂ ਕਰਦਾ ਕੋਈ ਕੋਈ ਕਰਦਾ ਹੈ
ਇਸ਼ਕ ਵਿਚ ਜਾਨ ਦੇ ਕੇ ਉਹਦੇ ਲਈ ਹੱਸ ਕੇ ਮਰਦਾ ਹੈ।

ਸੱਚੇ ਇਸ਼ਕ ਦੀ 'ਕਿਦਾਰ' ਜੋ ਪਹਿਚਾਣ ਕਰ ਲੈਂਦਾ
ਨਫਰਤ ਕਢ ਕੇ ਦਿਲ 'ਚੋਂ ਉਹ ਬਸ ਪਿਆਰ ਭਰ ਲੈਂਦਾ।

## ਨਜ਼ਮ

ਦੋਸਤ ਬਨਾਣਾ ਆਸਾਨ ਹੈ।
ਦੋਸਤ ਕਹਿਣਾ ਆਸਾਨ ਹੈ
ਮੁਮਕਨ ਨਹੀਂ ਦੋਸਤੀ ਨਿਭਾਣਾ ਆਸਾਨ ਹੈ।

ਦੂਰ ਜਾਣਾ ਆਸਾਨ ਹੈ
ਪਰੇ ਹਟਾਣਾ ਆਸਾਨ ਹੈ
ਮੁਮਕਨ ਨਹੀਂ ਦਿਲ ਨੂੰ ਭੁਲਾਣਾ ਆਸਾਨ ਹੈ।

ਬਾਤੇਂ ਬਨਾਣਾ ਆਸਾਨ ਹੈ
ਰੋਹਬ ਪਾਣਾ ਆਸਾਨ ਹੈ
ਮੁਮਕਨ ਨਹੀਂ ਕਰਕੇ ਦਿਖਾਣਾ ਆਸਾਨ ਹੈ।

ਪਿਆਰ ਜਿਤਾਲਾਣਾ ਆਸਾਨ ਹੈ
ਦਿਲ ਲਗਾਣਾ ਆਸਾਨ ਹੈ
ਮੁਮਕਨ ਨਹੀਂ ਪਿਆਰ ਪਾਣਾ ਆਸਾਨ ਹੈ।

ਆਸ਼ਕ ਬਨਣਾ ਆਸਾਨ ਹੈ
ਇਸ਼ਕ ਵਿਚ ਮਰਨਾ ਆਸਾਨ ਹੈ
ਮੁਮਕਨ ਨਹੀਂ ਆਪਣਾ ਬਨਾਣਾ ਆਸਾਨ ਹੈ।

## ਬੁਢਾਪੇ ਵਿਚ ਜਵਾਨੀ ਹੈ

ਜਵਾਨੀ ਵਿੱਚ ਬੁਢਾਪਾ ਹੈ ਬੁਢਾਪੇ ਵਿੱਚ ਜਵਾਨੀ ਹੈ।
ਜਰਾ ਇਹ ਸੋਚਕੇ ਵੇਖੋ ਬੜੀ ਸੱਚੀ ਕਹਾਣੀ ਹੈ।

ਜਵਾਨੀ ਨੂੰ ਫਿਕਰ ਰਹਿੰਦਾ ਬੁਢਾਪਾ ਆਉਣ ਵਾਲਾ ਹੈ
ਜਵਾਨੀ ਚਾਰ ਦਿਨ ਦੀ ਹੈ ਸਭ ਕੁਝ ਜਾਣ ਵਾਲਾ ਹੈ।

ਬੁਢਾਪੇ ਵਿੱਚ ਜਵਾਨੀ ਦੀ ਮਿੱਠੀ ਯਾਦ ਰਹਿੰਦੀ ਹੈ
ਬੀਤੀ ਹੋਈ ਜਵਾਨੀ ਦੇ ਸੁਹਾਣੇ ਸੁਪਨੇ ਲੈਂਦੀ ਹੈ।

ਜਵਾਨੀ ਬੇਵਫਾ ਔਰਤ ਛੱਡ ਇਹ ਸਾਥ ਜਾਂਦੀ ਹੈ
ਜਾ ਕੇ ਫਿਰ ਕਦੀ ਇਹ ਮੁੜਕੇ ਨਾ ਆਂਦੀ ਹੈ।

ਬੁਢਾਪਾ ਬਾ-ਵਫਾ ਹੈਗਾ ਹਮੇਸ਼ਾ ਸਾਥ ਰਹਿੰਦਾ ਹੈ
ਦੁੱਖ ਸੁੱਖ ਦੇ ਵਿੱਚ ਹਮੇਸ਼ਾ ਸਾਥ ਦਿੰਦਾ ਹੈ।

ਤੁਹਾਡੇ ਦੁੱਖ ਇਹ ਸਾਰੇ ਆਪਣੇ ਸਿਰ 'ਤੇ ਸਹਿੰਦਾ ਹੈ
ਗੱਲ ਮੰਨ ਲਓ ਯਾਰੋ, 'ਕਿਦਾਰ' ਸੱਚ ਕਹਿੰਦਾ ਹੈ।

## ਮੁਸਕਾਨ

ਆਓ ਤੁਹਾਨੂੰ ਰੱਬ ਦਿਖਲਾਵਾਂ, ਉਸਦੇ ਮੈਂ ਦਰਸ਼ਨ ਕਰਵਾਵਾਂ।
ਬੱਚੇ ਦੀ ਮੁਸਕਾਨ ਦੇ ਅੰਦਰ, ਉਹਦੀ ਸੋਹਣੀ ਸ਼ਾਨ ਦੇ ਅੰਦਰ।

ਰੱਬ ਦੀ ਝਲਕ ਦਿਖਾਈ ਦੇਵੇ, ਸੱਚ ਦਾ ਗੀਤ ਸੁਣਾਈ ਦੇਵੇ।
ਮੈਨੂੰ ਤੇ ਰੱਬ ਦਿਸਦਾ ਹੈ, ਜਦ ਬੱਚਾ ਖਿੜ-ਖਿੜ ਹੱਸਦਾ ਹੈ।

ਉਹਦੀ ਹੱਸੀ ਵਿੱਚ ਸੱਚਾਪਣ ਹੈ, ਇਸ ਵਿੱਚ ਨਾ ਕੋਈ ਝੂਠ ਦਾ ਕਣ ਹੈ।
ਉਹਦੀ ਹੱਸੀ ਅੰਮ੍ਰਿਤ ਦੀ ਧਾਰਾ, ਜਿਸਦਾ ਹੈ ਨਾ ਕੋਈ ਕਿਨਾਰਾ।

ਉਹਦੀ ਹੱਸੀ ਵਿਚ ਚਮਕਣ ਤਾਰੇ, ਚੰਦਾ ਮਾਮਾ ਓਲਕਾਂ ਮਾਰੇ।
ਉਹਦੀ ਹੱਸੀ ਤੋਂ ਸਦਕੇ ਵਾਰੀ, ਉਹਦੀ ਹੱਸੀ ਹੈ ਸਭ ਤੋਂ ਪਿਆਰੀ।

ਬੁੱਲਾਂ ਵਿੱਚ ਮੁਸਕਾਏ ਉਹ, ਠੰਢ ਕਲੇਜੇ ਪਾਏ ਉਹ।
ਤੁਹਾਡੀ ਹੱਸੀ ਵਿੱਚ ਤਨਜ਼ ਛੁਪੀ ਹੈ, ਤੁਹਾਡੀ ਹੱਸੀ ਵਿੱਚ ਜ਼ਹਿਰ ਰਚੀ ਹੈ।

ਤੁਹਾਡੀ ਹੱਸੀ ਮਤਲਬ ਦੀ ਹੱਸੀ ਹੈ, ਇਸ ਵਿੱਚ ਕੋਈ ਗੱਲ ਛਿਪੀ ਹੈ।
ਕਿਸੇ ਦੀ ਜਾ ਕਮਜ਼ੋਰੀ 'ਤੇ ਹਸਦੇ, ਕਿਸੇ ਦੀ ਲਾਚਾਰੀ ਤੇ ਹੱਸਦੇ।

ਕਿਸੇ ਦੀ ਮਜਬੂਰੀ ਤੇ ਹੱਸਦੇ, ਕਿਸੇ ਦੀ ਨਾਦਾਨੀ 'ਤੇ ਹੱਸਦੇ।
ਕਿਸੇ ਨੂੰ ਦੇ ਕੇ ਧੋਖਾ ਹੱਸਦੇ, ਕਿਸੇ ਨੂੰ ਕਰਕੇ ਔਖਾ ਹੱਸਦੇ।

ਕਿਸੇ ਦੀ ਦੇਖਕੇ ਹਾਰ ਤੇ ਹੱਸਦੇ, ਕਦੀ ਕਦੀ ਬੇਕਾਰ ਉਹ ਹੱਸਦੇ।
ਕਾਸ਼ ਤੁਸੀਂ ਬੱਚੇ ਬਣ ਜਾਓ, ਆਪ ਹੱਸੋ ਦੂਜੇ ਨੂੰ ਹਸਾਓ।

ਦੇਖਕੇ ਹੱਸੋ ਇੱਕ ਦੂਜੇ ਨੂੰ, ਆਪਣਾ ਬਣਾਓ ਇੱਕ ਦੂਜੇ ਨੂੰ।
ਨਾ ਹੋਵੇ ਫਿਰ ਮਾਰ ਕੁਟਾਈ, ਨਾ ਹੋਵੇ ਫਿਰ ਕਦੇ ਲੜਾਈ।

ਇਹ ਧਰਤੀ ਸਵਰਗ ਬਣ ਜਾਏ,
'ਕਿਦਾਰ' ਨਾ ਦੁਸ਼ਮਣ ਨਜ਼ਰ ਕੋਈ ਆਏ।

## ਨਜ਼ਮ

ਹੁਣ ਤੇਰਾ ਬੇਟਾ ਹੈ ਜਵਾਨ ਹੋ ਗਿਆ।
ਆਪਣੇ ਤੇ ਉਸ ਨੂੰ ਹੈ ਮਾਣ ਹੋ ਗਿਆ।

ਮੰਨਦਾ ਨਾ ਕਿਸੇ ਦੀ ਮਨਾਉਂਦਾ ਆਪਣੀ
ਆਪਣੀ ਅਕਲ ਦਾ ਗੁਮਾਨ ਹੋ ਗਿਆ।

ਹੁਨ ਨਹੀਂ ਡਰਦਾ ਡਰਾਉਣ ਲੱਗਾ ਹੈ
ਸਮਝਦਾਰ ਹੋਇਆ ਕਿ ਨਦਾਨ ਹੋ ਗਿਆ।

'ਤੂੰ ਤੇ ਸਾਨੂੰ ਬੜਾ ਹੀ ਗਰੀਬ ਰਖਿਆ'
ਗੱਲ ਸੁਣ ਉਹਦੀ ਤੂੰ ਹੈਰਾਨ ਹੋ ਗਿਆ।

ਅੱਜ ਦੇਖ ਬੱਚੇ ਮੇਰੇ ਐਸ਼ ਕਰਦੇ
ਐਸ਼ ਦਾ ਘਰ ਵਿਚ ਸਮਾਨ ਹੋ ਗਿਆ।

ਉਹਦੇ ਸਾਮਨੇ ਤੂੰ ਨਹੀਂ ਬੋਲ ਸਕਦਾ
ਉਹਦੇ ਮੂਹਰੇ ਤੂੰ ਬੇਜ਼ਬਾਨ ਹੋ ਗਿਆ।

ਆਪਣੇ ਤੇ ਭਾਰ ਤੈਨੂੰ ਸਮਝਣ ਲੱਗਾ ਉਹ,
ਘਰ ਦਾ ਤੂੰ ਫਾਲਤੂ ਸਮਾਨ ਹੋ ਗਿਆ।

'ਵਡਾ ਹੋ ਕੇ ਤੈਨੂੰ ਰਾਜ ਤੇ ਬਠਾਏਗਾ'
ਲਾਇਆ ਹੋਇਆ ਗ਼ਲਤ ਅਨੁਮਾਨ ਹੋ ਗਿਆ।

## ਗ਼ਜ਼ਲ

ਜੋ ਦੁਨੀਆ ਤੇ ਜੀਉਂਦਾ ਹੈ ਕਿਸੇ ਦਾ ਲੈਕੇ ਸਹਾਰਾ ਹੈ।
ਦੂਰ ਉਸਤੋਂ ਰਹਿੰਦਾ ਹਮੇਸ਼ਾਂ ਹੀ ਕਿਨਾਰਾ ਹੈ।

ਜੋ ਰੱਖਦਾ ਹੌਂਸਲਾ ਦਿਲ ਵਿੱਚ ਉਹ ਚੋਟੀ ਤੇ ਚੜ੍ਹ ਜਾਂਦਾ,
ਜੋ ਸੋਚਾਂ ਸੋਚਦਾ ਰਹਿੰਦਾ ਉਹ ਬੰਦਾ ਨਕਾਰਾ ਹੈ।

ਜੋ ਮਿਹਨਤ ਦੀ ਕਮਾਈ ਤੇ ਹਮੇਸ਼ਾ ਸਬਰ ਕਰਦਾ ਹੈ,
ਕਿਸੇ ਦੇ ਅਹਿਸਾਨਾਂ ਉਤੇ ਨਹੀਂ ਜੀਣਾ ਗਵਾਰਾ ਹੈ।

ਜੋ ਮਿਲ ਗਿਆ ਆਪਣਾ ਜੋ ਨਹੀਂ ਮਿਲਿਆ ਨਹੀਂ ਆਪਣਾ,
ਇਹ ਗੁਰ ਸਿੱਖ ਲਿਆ ਜਿਹਨੇ ਉਹੀ ਬੰਦਾ ਪਿਆਰਾ ਹੈ।

ਕਿਸੇ ਦਾ ਹੱਕ ਨਾ ਮਾਰੇ ਨਾ ਛੱਡੇ ਹੱਕ ਆਪਣਾ ਵੀ,
ਆਪਣੀ ਜ਼ਿੰਦਗੀ ਵਿੱਚ ਉਹ ਕਦੀ ਬੰਦਾ ਨਹੀਂ ਹਾਰਾ ਹੈ।

ਉਹ ਸੁਣਦਾ ਹੈ ਸਭ ਦੀ ਮੇਰਾ ਵਿਸ਼ਵਾਸ਼ ਹੈ ਯਾਰੋ,
ਸੱਚੇ ਦਿਲ ਨਾਲ ਜਿਸਨੇ ਵੀ ਰੱਬ ਨੂੰ ਪੁਕਾਰਾ ਹੈ।

ਇਕ ਦਿਨ ਤਾਂ ਹਿਸਾਬ ਤੂੰ 'ਕਿਦਾਰ' ਦੇਣਾ ਹੈ,
ਦੁਨੀਆਂ ਤੇ ਰਹਿ ਕੇ ਜੋ ਭੀ ਕੀਤਾ ਤੂੰ ਕਾਰਾ ਹੈ।

## ਗ਼ਜ਼ਲ

ਆਪਣਾ ਹੀ ਦਿਲ ਜਦ ਬੇਵਫ਼ਾ ਹੈ ਹੋ ਗਿਆ।
ਕੀ ਗਿਲਾ ਫਿਰ ਉਸ ਤੇ ਜੇ ਉਹ ਖਫ਼ਾ ਹੈ ਹੋ ਗਿਆ।

ਪਤਾ ਨਹੀਂ ਕੀ ਉਹ ਜਾਦੂ ਸਿਰ ਤੇ ਹੈ ਪਾ ਗਿਆ,
ਕਲ੍ਹ ਸੀ ਮੇਰਾ ਜੋ ਅੱਜ ਉਹਦਾ ਸਕਾ ਹੈ ਹੋ ਗਿਆ।

ਮੈਂ ਤੇ ਕਿਸੇ ਦਿਲ ਨੂੰ ਯਾਰੋ ਚੁਰਾਇਆ ਸੀ ਨਹੀਂ,
ਮੇਰੇ ਨਾਲ ਫਿਰ ਕਿਉਂ ਐਡਾ ਦਗਾ ਹੈ ਹੋ ਗਿਆ।

ਮੇਰੇ ਦਿਲ 'ਤੇ ਹੁਣ ਹਕੂਮਤ ਉਸਦੀ ਹੈ ਹੋ ਗਈ,
ਮੈਂ ਤੇ ਘਾਟੇ ਵਿੱਚ ਰਿਹਾ ਉਸਨੂੰ ਨਫਾ ਹੈ ਹੋ ਗਿਆ।

ਦੋ ਦਿਲ 'ਕਿਦਾਰ' ਜਦ ਆਪਸ ਵਿਚ ਮਿਲ ਗਏ,
ਦਿਲਾਂ ਦਾ ਇਹ ਮਾਮਲਾ ਫਿਰ ਰਫਾ ਦਫਾ ਹੋ ਗਿਆ।

## ਗ਼ਜ਼ਲ

ਆ ਗਿਆ ਕੋਲ ਤੇ ਗ਼ਜ਼ਲ ਇਕ ਕਰ ਗਿਆ।
ਰੁਸ ਕੇ ਤੁਰ ਗਿਆ ਦਰਦ ਇਸ 'ਚ ਭਰ ਗਿਆ।

ਮੇਰਾ ਘਰ ਜਨਤ ਉਦੋਂ ਬਣ ਗਿਆ,
ਮੇਰੇ ਘਰ ਪੈਰ ਜਦ ਉਹ ਸੀ ਆ ਕੇ ਧਰ ਗਿਆ।

ਨਜ਼ਰੇ ਕਰਮ ਹੋ ਗਈ ਜਦ ਕਦੀ ਉਸ ਦੀ,
ਡੁੱਬਦਾ ਹੋਇਆ ਬੇੜਾ ਵੀ ਫਿਰ ਝੱਟ ਤਰ ਗਿਆ।

ਖੁਸ਼ੀਆਂ ਦੇ ਬੀਜ ਜੋ ਬੋਏ ਸੀ ਮੈਂ ਕਦੀ,
ਉਗੀ ਫਸਲ ਤੇ ਕੋਈ ਆ ਕੇ ਚਰ ਗਿਆ।

ਹੱਸ ਕੇ ਨਵੀਂ ਨਜ਼ਰ ਕਰਕੇ ਜਦ ਦੇਖਿਆ,
'ਕਿਦਾਰ' ਇਸ ਅਦਾ ਉਤੇ ਯਾਰੋ ਮਰ ਗਿਆ।

# ਗ਼ਜ਼ਲ

ਸਾਹਾਂ ਦੀ ਮਾਲਾ ਦੇ ਉਤੇ ਨਾਂ ਤੇਰਾ ਚੰਨਾ ਜਪਦੀਂ ਰਹੀ।
ਮੈਨੂੰ ਪਗ਼ਲੀ ਕਹਿ ਕੇ ਇਹ ਦੁਨੀਆ ਮੇਰੇ ਤੇ ਚੰਨਾ ਹੱਸਦੀ ਰਹੀ।

ਤੂੰ ਤੁਰ ਗਿਆ ਲਾਰਾ ਲਾ ਐਸਾ ਨਾ ਪਰਤਕੇ ਮੇਰੀ ਖਬਰ ਲਈ,
ਵਿਹੜੇ ਵਿੱਚ ਡਾਹ ਕੇ ਹੁਣ ਚਰਖਾ ਹਿਜਰਾਂ ਦੀ ਪੂਣੀ ਮੈਂ ਕੱਤਦੀ ਰਹੀ।

ਕਦ ਦਿਨ ਚੜ੍ਹਿਆ ਕਦ ਦਿਨ ਢਲਿਆ, ਨਾ ਇਸਦੀ ਮੈਨੂੰ ਖਬਰ ਹੋਈ,
ਮੈਂ ਚੜ੍ਹ ਕੇ ਕੋਠੇ ਦੇ ਉਤੇ ਰਾਹ ਤੇਰਾ ਸੱਜਣਾ ਤੱਕਦੀ ਰਹੀ।

ਚੰਨ ਤਾਰਿਆਂ ਕੋਲੋਂ ਪੁੱਛ ਲੈ ਤੂੰ ਜਿਨ੍ਹਾਂ ਨਾਲ ਮੈਂ ਗੱਲਾਂ ਕਰਦੀ ਰਹੀ,
ਮੇਰੀ ਦੁੱਖਾਂ ਭਰੀ ਕਹਾਣੀ ਜੋ ਉਹ ਪੁੱਛਦੇ ਰਹੇ ਮੈਂ ਦੱਸਦੀ ਰਹੀ।

ਨਾ ਲੋਕ ਲਾਜ ਦੀ ਪਰਵਾਹ ਹੁਣ ਤੇਰੇ ਪਿਆਰ 'ਚ ਹੋਈ ਝੱਲੀ ਹਾਂ,
ਕਦੀ ਬਣਕੇ ਮੀਰਾ ਮੈਂ ਅੜਿਆ ਤੇਰੇ ਪਿਆਰ ਦੀ ਧੁੰਨ ਤੇ ਨੱਚਦੀ ਰਹੀ।

ਵਾਂਗ ਜ਼ੁਲੈਖਾ ਦੇ ਚੰਨਾ ਤੇਰਾ ਰਾਹ ਵਿੱਚ ਝੁੱਗੀ ਪਾ ਲਈ ਏ,
ਤੇਰਾ ਕਾਫਲਾ ਰਾਹ ਵਿੱਚ ਰੁਕਿਆ ਨਾ ਮੈਂ ਧੂੜ ਹੀ ਉਹਦੀ ਫੱਕਦੀ ਰਹੀ।

ਹੰਝੂ ਵੀ ਠੰਢੇ ਕਰ ਨਾ ਸਕੇ ਮੇਰੀ ਚਾਹਤ ਦੀ ਇਸ ਭੱਠੀ ਨੂੰ,
'ਕਿਦਾਰ' ਅਜੇ ਤੱਕ ਵੀ ਇਹੋ ਤੇਰੇ ਪਿਆਰ ਦੇ ਅੰਦਰ ਤਪਦੀ ਰਹੀ।

ਨੋਟ : ਇਹ ਗ਼ਜ਼ਲ 14-12-2002 ਨੂੰ 'ਰੈੱਡ ਬਿਸ਼ਪ' ਪੰਚਕੂਲਾ ਵਿਖੇ ਕਿਦਾਰ ਅਦਬੀ ਟਰਸਟ ਦੇ ਉਦਘਾਟਨੀ ਸਮਾਗਮ ਸਮੇਂ ਪ੍ਰਸਿੱਧ ਪੰਜਾਬੀ ਗਾਇਕਾ ਡੌਲੀ ਗੁਲੇਰੀਆ ਵਲੋਂ ਗਾ ਕੇ ਪੇਸ਼ ਕੀਤੀ ਗਈ।

## ਇਹ ਗੋਸ਼ਤ ਹਲਾਲ ਹੈ

ਇਹ ਗੋਸ਼ਤ ਹਲਾਲ ਹੈ ਇਸ ਦੇ ਖਾਣ ਨਾਲ ਕੋਈ ਗੁਨਾਹ ਨਹੀਂ ਹੁੰਦਾ।
ਜੋ ਬੰਦਾ ਇਸਲਾਮ 'ਤੇ ਚਲਦਾ ਹੈ ਕਦੀ ਫਨਾ ਨਹੀਂ ਹੁੰਦਾ।

ਕਲਮਾ ਪੜ੍ਹ ਕੇ ਇਸ ਤੇ ਮੈਂ ਛੁਰੀ ਚਲਾਈ ਹੈ
ਤੜਪਦਾ ਰਿਹਾ ਬੇਸ਼ਕ ਨਾ ਗਰਦਨ ਤੋਂ ਛੁਰੀ ਹਟਾਈ ਹੈ।

ਇਸ ਕਰਕੇ ਦੋਸਤੋ ਇਹ ਗੋਸ਼ਤ ਹਲਾਲ ਹੈ
ਮੇਰਾ ਹੀ ਨਹੀਂ ਬੜੇ ਮੁੱਲਾਂ ਜੀ ਦਾ ਖਿਆਲ ਹੈ।

**(ਥੋੜ੍ਹੀ ਦੂਰ ਅੱਗੇ ਪੜਿਆ)**

ਏਥੇ ਝਟਕਾ ਮਾਹਾ ਪਰਸ਼ਾਦ ਮਿਲਦਾ ਹੈ
ਜਿਦ੍ਹੇ ਖਾਣ ਨਾਲ ਕੋਈ ਨਹੀਂ ਪਾਪ ਲੱਗਦਾ ਹੈ।

ਤੜਪਾਇਆ ਨਹੀਂ ਇਸ ਨੂੰ ਨਾ ਦਿੱਤਾ ਦੁੱਖ ਭਾਰੀ ਹੈ
ਇਕੋ ਝਟਕੇ ਨਾਲ ਇਸ ਦੀ ਗਰਦਨ ਉਤਾਰੀ ਹੈ।

ਗੈਰ ਮੁਸਲਮ ਜੋ ਹੈ ਉਹ ਝਟਕਾ ਹੀ ਖਾਏਗਾ
ਮੁਸਲਮਾਨ ਦੇ ਹਲਾਲ ਨੂੰ ਨਹੀਂ ਮੂੰਹ ਲਾਏਗਾ।

ਇਹ ਹਲਾਲ ਤੇ ਹਰਾਮ ਦੀ ਇਕ ਝੂਠੀ ਕਹਾਣੀ ਹੈ
ਤਰੀਕਾ ਜੋ ਭੀ ਵਰਤੋ ਉਹਦੀ ਤੇ ਜਾਨ ਜਾਣੀ ਹੈ।

ਕਿਸੇ ਦੀ ਜਾਨ ਲੈਣਾ ਸਭ ਤੋਂ ਵੱਡਾ ਪਾਪ ਹੈ ਯਾਰੋ
ਜੀਵ ਹਤਿਆ ਕਰਨਾ ਇੱਕ ਸੰਤਾਪ ਹੈ ਯਾਰੋ।

## ਲਾਲਾ ਜਗਤ ਨਰਾਇਣ ਜੀ

ਆਪਣੇ ਅਸੂਲਾਂ ਨੂੰ ਕਾਇਮ ਸੀ ਰਖਿਆ
ਸਬਕ ਪਿਆਰ ਦਾ ਜੀਵਨ 'ਚ ਉਨ੍ਹਾਂ ਸਿਖਿਆ।

ਵਕਤ ਦੀ ਹਕੂਮਤ ਨੇ ਬੇਸ਼ਕ ਰੋੜੇ ਸੀ ਅਟਕਾਏ
ਮੁਸ਼ਕਲ ਦੇ ਵਿਚ ਵੀ ਨਾ ਕਦਮ ਲੜਖੜਾਏ।

ਉਨ੍ਹਾਂ ਦੇ ਜੀਵਨ ਵਿਚ ਇਕ ਐਸਾ ਵਕਤ ਆਇਆ
ਟਰੈਕਟਰ ਦੇ ਨਾਲ ਉਨ੍ਹਾਂ ਅਖਬਾਰ ਸੀ ਚਲਾਇਆ।

ਲੋਕਾਂ ਦੇ ਭਲੇ ਲਈ ਕਰਦੇ ਰਹੇ ਲੜਾਈ
ਹੱਕ ਤੇ ਇਨਸਾਫ ਦੀ ਆਵਾਜ਼ ਸੀ ਉਠਾਈ।

ਜੀਵਨ ਸੀ ਬੜਾ ਸਾਦਾ ਸਾਧੂ ਸਰੂਪ ਹੈ ਸਨ
ਲਾਲਾ ਜਗਤ ਨਰਾਇਣ ਇਕ ਸ਼ਾਂਤੀ ਦਾ ਰੂਪ ਸਨ।

## ਜੇ ਪਤਾ ਕਲ ਮਰ ਜਾਣਾ ਹੈ

ਜੇ ਪਤਾ ਕਲ ਮਰ ਜਾਣਾ ਹੈ, ਜੇ ਪਤਾ ਹੈ ਮੁੜ ਨਹੀਂ ਆਣਾ ਹੈ।
ਜੇ ਪਤਾ ਹੈ ਆਪਣੀ ਵਾਰੀ ਤੇ, ਆਪ ਭੀ ਤੁਰ ਜਾਂਣਾ ਹੈ।

ਫਿਰ ਝਗੜਾ ਝਾਂਜਾ ਕਾਹਦੇ ਲਈ, ਆਪਸ 'ਚ ਲੜਾਈ ਕਾਹਦੇ ਲਈ।
ਏਥੇ ਹੀ ਸਭ ਕੁਝ ਰਹਿ ਜਾਣਾ, ਫਿਰ ਮਾਰ ਕੁਟਾਈ ਕਾਹਦੇ ਲਈ।

ਜੇ ਜ਼ਿੰਦਗੀ ਯਾਰੋ ਥੋੜ੍ਹੀ ਹੈ, ਫਿਰ ਕਿਉਂ ਨਾ ਇਸ ਨੂੰ ਪਿਆਰ ਦੇਈਏ।
ਆਪਸ ਦੇ ਵਿਚ ਰਲ ਮਿਲ ਕੇ ਕਿਉਂ ਨਾ ਇਸ ਨੂੰ ਅਸੀਂ ਗੁਜ਼ਾਰ ਲਈਏ।

ਜੇ ਪਤਾ ਹੈ ਜੋ ਕੁਝ ਬੀਜਿਆ ਸਾਨੂੰ ਉਹ ਕੀ ਕਟਣਾ ਪੈਣਾ ਹੈ।
ਜਿਥੇ ਰੱਬ ਨੇ ਰੱਖਣਾ ਹੈ, ਉਥੇ ਹੀ ਰਹਿਣਾ ਪੈਣਾ ਹੈ।

ਦੂਜੇ ਨੂੰ ਦੇਖ ਫਿਰ ਅਸੀਂ ਕਿਉਂ ਈਰਖਾ ਅਸੀਂ ਰਖਦੇ ਹਾਂ।
ਆਪਣੀ ਕਿਸਮਤ ਦੇ ਉਤੇ ਫਿਰ ਸ਼ੁਕਰ ਕਿਉਂ ਨਹੀਂ ਕਰਦੇ ਹਾਂ।

ਕਰਕੇ ਪਾਪ ਕਮਾਈ ਫਿਰ ਮਾਇਆ ਕੱਠੀ ਕਰਦੇ ਹਾਂ।
ਹੱਕ ਮਾਰ ਕੇ ਦੂਜੇ ਦਾ ਕਿਉਂ ਬੈਂਕ ਤਜੌਰੀ ਭਰਦੇ ਹਾਂ।

ਜੇ ਪਤਾ ਹੈ ਖਾ ਕੇ ਦੋ ਰੋਟੀ ਜਿੰਦ ਗੁਜਾਰਾ ਕਰਦੀ ਹੈ।
ਢਿਡ ਤੁਹਾਡੇ ਭਰ ਜਾਂਦੇ ਪਰ ਨੀਤ ਕਿਉਂ ਨਹੀਂ ਭਰਦੀ ਹੈ।।
ਜੇ ਮੌਤ ਨੇ ਇਕ ਦਿਨ ਆਣਾ ਹੈ, 'ਕਿਦਾਰ' ਇਸ ਤੋਂ ਕਿਉਂ ਡਰਦੀ ਹੈ।

ਗ਼ਜ਼ਲ

ਪੀਲੇ ਪੱਤੇ ਰੁੱਖਾਂ ਨਾਲੋਂ ਆਪੇ ਹੀ ਗਿਰ ਜਾਂਦੇ ਨੇ।
ਸਾਹਾਂ ਦੇ ਦਾਣੇ ਮੁੱਠੀ ਚੋਂ ਇਕ ਇਕ ਕਰਕੇ ਕਿਰ ਜਾਂਦੇ ਨੇ।

ਕਾਲੀ ਟਾਹਲੀ ਦੇ ਬੂਹੇ ਜੋ ਲੋਹੇ ਵਾਂਗੂ ਪੱਕੇ ਹੁੰਦੇ,
ਵਕਤ ਦੀ ਧੁੱਪ ਦੇ ਨਾਲ ਉਹ ਭੀ ਆਖ਼ਰ ਇਕ ਦਿਨ ਤਿੜ ਜਾਂਦੇ ਨੇ।

ਕੁਦਰਤ ਦਾ ਅਸੂਲ ਹੈ ਇਹੋ ਜੋ ਯੁੱਗਾਂ ਯੁੱਗਾਂ ਤੋਂ ਚਲਦਾ ਆਇਆ,
ਪੱਕੇ ਫਲ ਦੇ ਬੀਜ ਡਿਗ ਕੇ ਧਰਤੀ 'ਤੇ ਫਿਰ ਖਿੜ ਜਾਂਦੇ ਨੇ।

ਪੱਕੇ ਕੌਲ ਇਕਰਾਰ ਜੋ ਕਰਦੇ ਵੇਹਿੰਦੇ ਕਸਮਾਂ ਦੇ ਦੇ ਕੇ,
ਵੇਲੇ ਸਿਰ ਆ ਕੇ ਉਹ ਭੀ ਕੋਲ ਆਪਣੇ ਤੂੰ ਫਿਰ ਜਾਂਦੇ ਨੇ।

ਦੁੱਖਾਂ ਤੋਂ ਘਬਰਾਣਾ ਕਾਹਦਾ ਇਹ ਢਲਦਾ ਪਰਛਾਵਾਂ ਹੁੰਦਾ,
ਮੇਹਰ ਹੋਵੇ ਜਦ ਦਾਤੇ ਦੀ ਬੰਦੇ ਦੇ ਦਿਨ ਫਿਰ ਜਾਂਦੇ ਨੇ।

## ਆ ਸੱਜਣਾਂ ਦੋ ਗੱਲਾਂ ਕਰੀਏ

ਅਸੀਂ ਨਾ ਕਿਸੇ ਦੀ ਚੋਰੀ ਕੀਤੀ
ਨਾ ਕੋਈ ਸੀਨਾ ਜ਼ੋਰੀ ਕੀਤੀ
ਨਾ ਕਿਸੇ ਦੇ ਦਿਲ ਨੂੰ ਦੁਖਾਇਆ
ਨਾ ਕਿਸੇ ਨੂੰ ਅਸੀਂ ਸਤਾਇਆ
ਫਿਰ ਕਿਉਂ ਲੋਕਾਂ ਤੋਂ ਡਰੀਏ
ਆ ਸੱਜਣਾ ਦੋ ਗੱਲਾਂ ਕਰੀਏ।

ਅਪਣੀ ਮਸਤੀ ਵਿਚ ਹਾਂ ਰਹਿੰਦੇ
ਅਸੀਂ ਕਿਸੇ ਨੂੰ ਕੁਝ ਨਹੀਂ ਕਹਿੰਦੇ
ਕੰਮ ਕਰੇ ਕੋਈ ਚੰਗੇ ਮਾੜੇ
ਅਸੀਂ ਨਾ ਕਿਸੇ ਦੇ ਆਈਏ ਆੜੇ
ਕਿਸੇ ਦੇ ਮੱਥੇ ਦੋਸ਼ ਨਾ ਮੜੀਏ, ਆ ਸੱਜਣਾ....

ਜੋ ਹੋਣਾ ਉਹ ਹੋ ਕੇ ਰਹਿਣਾ
ਜੇ ਇਹੋ ਹੀ ਹੈ ਸਭਦਾ ਕਹਿਣਾ
ਫਿਰ ਕਿਉਂ ਸੋਚਾਂ ਵਿਚ ਪੈਨਾ
ਉਸ ਦਾ ਭਾਣਾ ਮੰਨਣਾ ਪੈਣਾ
ਫਿਰ ਕਿਉਂ ਏਵੇਂ ਫ਼ਿਕਰਾਂ ਵਿਚ ਮਰੀਏ, ਆ ਸੱਜਣਾਂ....

ਕਿਸੇ ਦੀ ਖੁਸ਼ੀ ਵਿਚ ਜਲਦੇ ਨਹੀਂ ਹਾਂ
ਬੁਰਾਈ ਕਿਸੇ ਦੀ ਕਰਦੇ ਨਹੀਂ ਹਾਂ
ਮਾੜਾ ਕਿਸੇ ਦਾ ਸੋਚਦੇ ਨਹੀਂ ਹਾਂ
ਨਾਹਕ ਕਿਸੇ ਨੂੰ ਕੋਸਦੇ ਨਹੀਂ ਹਾਂ
ਫਿਰ ਕਿਉਂ ਬੋਝ ਦਿਲਾਂ ਤੇ ਧਰੀਏ, ਆ ਸੱਜਣਾਂ....

ਜਿਹੜਾ ਸਾਨੂੰ ਦਿਲੋਂ ਹੋ ਚਾਹੇ
ਉਹ ਹੀ ਸਾਡੇ ਮਨ ਨੂੰ ਭਾਏ
ਉਹ ਹੀ ਰਿਸ਼ਤਾ ਸਭ ਤੋਂ ਉੱਚਾ
ਉਹ ਹੀ ਰਿਸ਼ਤਾ ਸਭ ਤੋਂ ਸੁੱਚਾ
ਹੋਰ ਕਿਸੇ ਦੀ ਬਾਹਾਂ ਨਾ ਫੜੀਏ, ਆ ਸੱਜਣਾਂ...



I am writing to give you my respect and best wishes. I would also like to thank you very much for the lovely poems you wrote. I hope all goes well with you in your future life.

*(from a letter written to Kidar Nath Kidar by* ***Cler Short, M.P. House of Commons, London*** *on 26 June 1993)*

ਕਿਦਾਰ ਦੀ ਕਵਿਤਾ ਦਾ ਮੂਲ ਆਧਾਰ ਪਿਆਰ ਹੈ। ਨਿੱਜ ਤੋਂ ਆਰੰਭ ਹੋ ਕੇ ਉਹ ਸਾਰੀ ਮਨੁੱਖਤਾ ਵਿਚ ਹੀ ਪਿਆਰ ਲੱਭਦਾ-ਵੰਡਦਾ ਫਿਰਦਾ ਹੈ। ਉਸਦੇ ਬੁੱਲ੍ਹਾਂ ਉਤੇ ਕੋਈ ਸ਼ਿਕਵਾ ਗਿਲਾ ਨਹੀਂ।

—ਡਾ. ਗੁਰਦਿਆਲ ਸਿੰਘ ਰਾਏ, ਬਰਮਿੰਘਮ, ਯੂ.ਕੇ.

ਕਿਦਾਰ ਜੀ ਨੇ ਆਪਣੀ ਕਵਿਤਾ ਵਿਚ ਜੋ ਭਾਸ਼ਾ ਵਰਤੀ ਹੈ, ਉਹ ਬਹੁਤ ਹੀ ਸਰਲ ਅਤੇ ਸਪਸ਼ਟ ਹੈ। ਇਹਨਾਂ ਦੀ ਜ਼ੁਬਾਨ ਵਿਚ ਸਾਦਗੀ ਅਤੇ ਸਰਲਤਾ ਹੈ।

—ਡਾ. ਸੀ. ਐਸ. ਚੰਨ, ਕੁਵੈਂਟਰੀ. ਯੂ.ਕੇ.

ਕਿਦਾਰ ਨਾਥ ਜੀ ਨਿਆਇਤ ਹੀ ਸਿੱਧੇ, ਸਾਧੇ, ਸਰਲ, ਸਪਸ਼ਟ, ਸਮਝਦਾਰ, ਸ਼ਾਂਤ ਚਿਤ, ਸੰਤੋਖੀ ਅਤੇ ਸੰਤ ਸੁਭਾ ਦੇ ਸੁਆਮੀ ਹਨ। ਆਪ ਕਵੀ ਹਨ : ਜਮਾਂਦਰੂ ਕਵੀ, ਲੋਕ ਕਵੀ, ਸਟੇਜੀ ਕਵੀ, ਹਉਮੈ ਤੋਂ ਰਹਿਤ ਕਵੀ, ਛੋਟੀਆਂ ਕਵਿਤਾਵਾਂ ਦੇ ਮਹਾਨ ਕਵੀ, ਮਿਲਾਪੜੇ ਕਵੀ, ਮਿਲਣਸਾਰ ਕਵੀ, ਵਾਦ-ਵਿਵਾਦ ਤੋਂ ਮੁਕਤ ਕਵੀ ਅਤੇ ਹਰਮਨ ਪਿਆਰੇ ਕਵੀ।

—ਸੁਰਜੀਤ ਸਿੰਘ ਕਾਲੜਾ, ਬਰਮਿੰਘਮ, ਯੂ.ਕੇ.

ਕਿਦਾਰ ਦੀ ਸ਼ਾਇਰੀ ਵਿਚ, ਉਨ੍ਹਾਂ ਦੇ ਬੋਲਾਂ ਵਿਚ ਅੰਬਾਂ ਦੇ ਰਸ ਦੀ ਮਿਠਾਸ ਹੈ ਅਤੇ ਰੇਤ ਦੀਆਂ ਕਿਰਨਾਂ ਦੀ ਚਮਕ। ਉਨ੍ਹਾਂ ਦੀ ਸ਼ਖਸੀਅਤ ਉਸ ਛੰਦ ਵਾਂਗ ਹੈ ਕਿ ਜਿਹੜਾ ਗਾਵੇ ਉਹੀ ਆਖੇ ਇਹ ਤੇ ਮੇਰੇ ਦਿਲ ਦੀ ਆਵਾਜ਼ ਹੈ। ਉਹ ਕਹਿੰਦੇ ਹਨ ਕਿ ਉਹਨਾਂ ਨੂੰ ਸਾਵਨ ਰੁੱਤ ਕਦੀ ਨਹੀਂ ਭੁੱਲਦੀ।

—ਜਸਬੀਰ ਸਿੰਘ ਧੀਮਾਨ, ਕੁਵੈਤ